DHINDSA TRAVEL
ਬਾਜ਼ਾਰ ਨਾਲੋਂ ਸਸਤੀਆਂ ਟਿਕਟਾਂ ਦੀ ਗਰੰਟੀ
Email:dhindsatravelltd@yahoo.com
Web:www.dhindsatravels.com
3 Locations Serve You
Payal Bussiness Centre #151-8120-128St, Surrey 604-599-5599
Abbotsford #104-32059 Hillcrest Ave 604-746-2727
DUKH NIVARAN SAHIB PLAZA #111-15299 68Ave 604-744-4445

+91 77175-02848
+91 98146-12006
+91 99882-68982
ਦਿੱਲੀ, ਚੰਡੀਗੜ੍ਹ, ਅੰਮ੍ਰਿਤਸਰ ਏਅਰਪੋਰਟ ਤੋਂ ਸਾਰੇ ਪੰਜਾਬ ਵਿਚ ਸਰਵਿਸ ਦਿੰਦੇ ਹਾਂ
(ਇਸ਼ਤਿਹਾਰ ਸਫਾ ਬੀ24 ਤੇ ਦੇਖੋ)
+1 778-899-1576
+1 778-207-8100
EAGLE EYE
PICK & DROP
CAR RENTALS & TAXI SERVICE 24 HOURS

Sidhu Homeopathic Clinic
Dr. Malkit Singh Sidhu D.H.M.S. (Hons.)
Dr. Kirandeep Kaur Sidhu D.H.M.S. (Pb.)
ਮਾਨਸਿਕ ਰੋਗ, ਘਬਰਾਹਟ, ਨੀਂਦ ਨਾ ਆਉਣੀ, ਦਮਾਂ, ਮੂੰਹ ਪੱਕਣਾ, ਚਮੜੀ ਰੋਗ, ਵਾਲਾਂ ਦੀ ਸਿੱਕਰੀ, ਜੋੜਾਂ ਦੇ ਦਰਦ, ਗਠੀਆ, ਯੂਰਿਕ ਐਸਿਡ, ਗੁਰਦਿਆਂ ਦੀਆਂ ਪੱਥਰੀਆਂ, ਮਰਦਾਂ ਅਤੇ ਇਸਤਰੀਆਂ ਦੇ ਰੋਗਾਂ ਅਤੇ ਨਸ਼ਾ ਛੁਡਾਉਣ ਲਈ ਹੋਮਿਓਪੈਥਿਕ ਦਵਾਈਆਂ ਨਾਲ ਇਲਾਜ ਕੀਤਾ ਜਾਂਦਾ ਹੈ।
Ph: 604-446-3154 NO SIDE EFFECTS
#109-12830-80Ave, Surrey, BC V3W 3A8 (York Centre)

ਪੰਜਾਬ ਐਬਟਸਫੋਰਡ
# ਗਾਰਡੀਅਨ
PUNJAB GUARDIAN
B.C Greater Vancouver, Fraser Valley, Victoria,Nanaimo Prince George, Kamloops, Kelowna, Oliver, Squamish
ALBERTA Edmonton Calgary
ONTARIO Otttawa, Brampton Toronto
QUEBEC Montreal
USA Greater Seattle, Everett, Marysville Portland, Bellingham, Belivue, Lyndon, Lynwood
Tel: 604-590-5200 Fax:604-596-5700 Toll Free: 1-877-584-5200 Vol. 32, Issue No. 16 Ending Date: Apr 18, 2025

LW LAKHE WALE JEWELLERS
ਲੱਖੇਵਾਲੇ ਜਿਊਲਰਜ਼ ਜਗਰਾਉਂ ਵਾਲੇ
Manufacture, Retail, Wholesaler
ਅਸੀਂ ਸੋਨੇ ਦੇ ਗਹਿਣੇ ਬਣਾਉਂਦੇ ਹਾਂ ਹੋਲਸੇਲ ਅਤੇ ਰੀਟੇਲ
(604) 503-2655
#162-12899 80 Ave, Surrey
(PAYAL BUSINESS CENTRE)
www.lakhewalejewellers.com lwjwellers@gmail.com

## ਅਮਰੀਕੀ ਸੈਨੇਟ ਵੱਲੋਂ ਹਰਮੀਤ ਢਿੱਲੋਂ ਦੀ ਅਸਿਸਟੈਂਟ ਅਟਾਰਨੀ ਜਨਰਲ ਵਜੋਂ ਪੁਸ਼ਟੀ



ਸੈਕਰਾਮੈਂਟੋ:ਅਮਰੀਕੀ ਸੈਨੇਟ ਨੇ ਪੰਜਾਬੀ ਤੇ ਅਮਰੀਕੀ ਭਾਈਚਾਰੇ ਵਿਚ ਜਾਣੀ ਪਛਾਣੀ ਸ਼ਖਸੀਅਤ ਹਰਮੀਤ ਢਿੱਲੋਂ ਦੀ ਮਾਨਵੀ ਹੱਕਾਂ ਬਾਰੇ ਅਸਿਸਟੈਂਟ ਅਟਾਰਨੀ ਜਨਰਲ ਵਜੋਂ ਪੁਸ਼ਟੀ ਕਰ ਦਿੱਤੀ ਹੈ।ਹਰਮੀਤ ਢਿੱਲੋਂ ਦੇ ਸੰਵਿਧਾਨਕ ਆਜ਼ਾਦੀ ਕਾਇਮ ਰੱਖਣ ਵਿਚ ਪਾਏ ਯੋਗਦਾਨ ਨੂੰ ਮੁੱਖ ਰਖਦਿਆਂ ਰਾਸ਼ਟਰਪਤੀ ਡੋਨਾਲਟ ਟਰੰਪ ਨੇ ਇਸ ਅਹਿਮ ਅਹੱਦੇ ਲਈ ਉਨਾਂ ਨੂੰ ਨਾਮਜ਼ਦ ਕੀਤਾ ਸੀ। ਅਲਾਸਕਾ ਤੋਂ ਕੇਵਲ ਇਕ ਰਿਪਬਲੀਕਨ ਸਾਂਸਦ ਲੀਸਾ ਮੁਰਕੋਵਸਕੀ ਨੇ ਪਾਰਟੀ ਲਾਈਨ ਤੋਂ ਹਟ ਕੇ ਢਿੱਲੋਂ ਦੇ ਵਿਰੋਧ ਵਿਚ ਡੈਮੋਕਰੈਟਸ ਦਾ ਸਾਥ ਦਿੱਤਾ, ਬਾਕੀ ਸਭ ਰਿਪਬਲੀਕਨ ਸੈਨੇਟ ਮੈਂਬਰਾਂ ਨੇ ਪਾਰਟੀ ਲਾਈਨ ਅਨੁਸਾਰ ਉਨ੍ਹਾਂ ਨੂੰ ਵੋਟ ਪਾਈ।ਹਰਮੀਤ ਢਿੱਲੋਂ ਦੇ ਹੱਕ ਵਿਚ 52 ਤੇ ਵਿਰੁੱਧ 42 ਵੋਟਾਂ ਪਈਆਂ। ਰਾਸ਼ਟਰਪਤੀ ਟਰੰਪ ਦੀ ਕੱਟੜ ਸਮਰਥਕ ਢਿੱਲੋਂ ਨਿਆਂ ਵਿਭਾਗ ਨਾਲ ਸਬੰਧਿਤ ਕੰਮਕਾਜ਼ ਵੇਖੇਗੀ।

## ਕੈਨੇਡਾ 'ਚ 10 ਹਜ਼ਾਰ ਡਾਲਰ ਦੀ ਨਕਲੀ ਕਰੰਸੀ ਸਮੇਤ ਪੰਜਾਬੀ ਗ੍ਰਿਫ਼ਤਾਰ

ਵਿਕਟੋਰੀਆ: ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਦੀ ਰਾਜਧਾਨੀ ਵਿਕਟੋਰੀਆ ਪੁਲਿਸ ਨੇ ਪੰਜਾਬੀ ਨੌਜਵਾਨ ਲਵਦੀਪ ਢਿੱਲੋਂ ਨੂੰ 10,200 ਕੈਨੇਡੀਅਨ ਨਕਲੀ ਕਰੰਸੀ ਸਮੇਤ ਗ੍ਰਿਫ਼ਤਾਰ ਕੀਤਾ ਹੈ ਜਿਸ ਵਿਚ 100 ਤੋਂ 20 ਡਾਲਰ ਦੇ ਨਕਲੀ ਨੋਟ ਸਨ।

ਪੁਲਿਸ ਵਲੋਂ ਦਿਤੀ ਜਾਣਕਾਰੀ ਅਨੁਸਾਰ ਪੁਲਿਸ ਨੂੰ ਇਕ ਔਰਤ ਨੇ ਸ਼ਿਕਾਇਤ ਕੀਤੀ ਸੀ ਕਿ ਉਸ ਨੇ ਫ਼ੇਸਬੁੱਕ ਦੀ ਮਾਰਕੀਟ ਪਲੇਸ ਰਾਹੀਂ ਲਵਦੀਪ ਢਿੱਲੋਂ ਨੂੰ 1500 ਡਾਲਰ ਦੀ ਕੀਮਤ ਦੇ ਪੋਕੇਮਨ ਕਾਰਡ ਵੇਚੇ ਸਨ ਤੇ ਢਿੱਲੋਂ ਵਲੋਂ ਉਸ ਨੂੰ ਜੋ 1500 ਡਾਲਰ ਦੇ ਨੋਟ ਦਿਤੇ ਗਏ ਉਹ ਨਕਲੀ ਸਨ। 100 ਡਾਲਰ ਦੇ ਸਾਰੇ ਨੋਟਾਂ 'ਤੇ ਇਕੋ ਸੀਰੀਅਲ ਨੰਬਰ ਸੀ।

ਪੁਲਿਸ ਵਲੋਂ ਦਸਿਆ ਗਿਆ ਹੈ ਕਿ ਲਵਦੀਪ ਵਲੋਂ ਉਕਤ ਔਰਤ ਤੋਂ 2700 ਡਾਲਰ ਦੀ ਕੀਮਤ ਦੇ ਹੋਰ ਪੋਕੇਮਨ ਕਾਰਡ ਖ਼ਰੀਦਣ ਲਈ ਸੰਪਰਕ ਕੀਤਾ ਗਿਆ ਜਿਥੇ ਪੁਲਿਸ ਉਸ ਦਾ ਪਹਿਲਾਂ ਤੋਂ ਹੀ ਇੰਤਜ਼ਾਰ ਕਰ ਰਹੀ ਸੀ ਜਿਸ ਨੂੰ 10,200 ਡਾਲਰ ਦੀ ਨਕਲੀ ਕਰੰਸੀ ਸਮੇਤ ਗ੍ਰਿਫ਼ਤਾਰ ਕਰ ਲਿਆ ਲਵਦੀਪ ਢਿੱਲੋਂ ਕੋਲ ਇਹ ਨਕਲੀ ਨੋਟ ਕਿਥੋਂ ਆਏ, ਪੁਲਿਸ ਇਸ ਦੀ ਜਾਂਚ ਕਰ ਰਹੀ ਹੈ।

## ਵਕਫ਼ ਬੋਰਡ ਤਾਂ ਗਿਆ, ਸ਼੍ਰੋਮਣੀ ਕਮੇਟੀ ਜਾਏਗੀ.?

*ਗੁਰਿੰਦਰ ਪਾਲ ਸਿੰਘ

ਆਰਐਸਐਸ ਦਾ ਮੁੱਖ ਏਜੰਡਾ ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣਾ ਹੈ।ਜਿਸ ਵਿੱਚ ਉਸ ਦੀਆਂ ਅਨੇਕਾਂ ਜਥੇਬੰਦੀਆਂ ਜੰਗੀ ਪੱਧਰ ਤੇ ਕੰਮ ਕਰ ਰਹੀਆਂ ਹਨ। ਪ੍ਰੰਤੂ ਰਾਜਨੀਤਿਕ ਤੌਰ ਤੇ ਬੀਜੇਪੀ ਰਾਹੀਂ ਸਰਕਾਰੀ ਤੰਤਰ ਨੂੰ ਵਰਤਕੇ ਇਸ ਏਜੰਡੇ ਦੀ ਪੂਰਤੀ ਵੱਲ ਬਹੁਤ ਤੇਜ਼ੀ ਨਾਲ ਕਦਮ ਪੁੱਟੇ ਜਾ ਰਹੇ ਹਨ। ਹਿੰਦੂ ਰਾਸ਼ਟਰ ਨੂੰ ਹੋਂਦ ਵਿੱਚ ਲਿਆਉਣ ਲਈ ਵਿਰੋਧੀਆਂ ਨੂੰ ਹਰ ਪੱਖੋਂ ਕਮਜ਼ੋਰ ਕਰਨਾ ਇਸ ਏਜੰਡੇ ਦੀ ਪਹਿਲੀ ਮੱਦ ਹੈ। ਜਿਸ ਦੇ ਤਹਿਤ ਵੱਖ ਵੱਖ ਵੱਖ ਧਰਮਾਂ ਬਰਾਦਰੀਆਂ ਭਾਵ ਗੈਰ ਹਿੰਦੂਆਂ ਦੇ ਧਰਮ ਅਤੇ ਸਭਿਆਚਾਰ ਬਾਰੇ ਭੁਲੇਖੇ ਖੜ੍ਹੇ ਕਰਕੇ ਜਾਂ ਉਹਨਾਂ ਨੂੰ ਕਾਨੂੰਨੀ ਸਿਕੰਜੇ ਵਿੱਚ ਲੈ ਕੇ ਲੋਕਾਂ ਦਾ ਧਿਆਨ ਉਸ ਪਾਸੇ ਵੱਲ ਖਿੱਚਣਾ ਅਤੇ ਇਹਨਾਂ ਲੋਕਾਂ ਨੂੰ ਉਹਨਾਂ ਦੇ ਆਪਣੇ ਮਸਲਿਆਂ ਵਿੱਚ ਹੀ ਉਲਝਾਕੇ ਰੱਖਣਾ ਹੈ। ਜਿਸ ਵਿੱਚ ਸਭ ਤੋਂ ਪਹਿਲਾਂ ਜੰਮੂ ਕਸ਼ਮੀਰ ਦੀਆਂ ਵਿਸ਼ੇਸ਼ ਅਧਿਕਾਰਾਂ ਵਾਲੀਆਂ ਤਾਕਤਾਂ ਨੂੰ ਖਤਮ ਕੀਤਾ ਗਿਆ। ਉਸ ਤੋਂ ਬਾਅਦ ਤਿੰਨ ਤਲਾਕ ਜਾਂ ਹਿਜਾਬ ਬਾਰੇ ਕਾਨੂੰਨ ਅਤੇ ਹੁਣ ਮੁਸਲਮਾਨ ਭਰਾਵਾਂ ਦੇ ਵਕਫ ਬੋਰਡ ਬਾਰੇ ਜੋ ਕੁਝ ਕੀਤਾ ਜਾ ਰਿਹਾ ਹੈ। ਇਹ ਸਭ ਉਸ ਏਜੰਡੇ ਦਾ ਹੀ ਇੱਕ ਹਿੱਸਾ ਹੈ। ਵਕਫ ਬੋਰਡ ਦੇ ਨਾਲ ਜੋ ਕੁਝ ਵਾਪਰਿਆ ਉਹ ਇੱਕ ਤਰ੍ਹਾਂ ਨਾਲ ਮੁਸਲਿਮ ਭਾਈਚਾਰੇ ਦਾ ਲੱਕ ਤੋੜਨ ਵਾਲੇ ਕਾਰਵਾਈ ਹੈ। ਬੇਸ਼ੱਕ ਕਿਸੇ ਵੇਲੇ ਇੰਦਰਾ ਗਾਂਧੀ ਨੇ ਵੀ ਦਰਬਾਰ ਸਾਹਿਬ ਤੇ ਹਮਲਾ ਕਰਕੇ ਅਜਿਹੀ ਕੋਸ਼ਿਸ਼ ਸਿੱਖਾਂ ਦੇ ਖਿਲਾਫ ਕੀਤੀ ਸੀ। ਪ੍ਰੰਤੂ ਅੱਜ ਬੀਜੇਪੀ ਵੀ ਉਹਨਾਂ ਏਜੰਡਿਆਂ ਤੇ ਚੱਲ ਰਹੀ ਹੈ। ਫਰਕ ਸਿਰਫ ਇਹ ਹੈ ਕਿ ਕਾਂਗਰਸ ਜਾਂ ਇੰਦਰਾ ਗਾਂਧੀ ਕੇਵਲ ਸਿੱਖਾਂ ਦੇ ਵਿਰੁੱਧ ਸੀ ਅਤੇ ਬੀਜੇਪੀ ਸਾਰੀਆਂ ਘੱਟ (ਬਾਕੀ ਸਫਾ ਬੀ04 ਤੇ)

The Mortgage Centre
ਮੌਰਟਗੇਜ ਦੇ ਵਧੀਆ ਰੇਟ ਅਤੇ ਸਹੀ ਸਲਾਹ ਲਈ ਸੰਪਰਕ ਕਰੋ
ਘਰਾਂ ਦੀ ਮੌਰਟਗੇਜ ਕੰਸਟਰਕਸ਼ਨ ਮੌਰਟਗੇਜ ਕਮਰਸ਼ੀਅਲ ਲੋਨ ਪ੍ਰਾਈਵੇਟ ਲੋਨ
• Purchases with 5% Down Payment
• Refinance & Renewals at Best Rates
• Self-employment - Special Programs
• Second Mortgage & Equity Loans (No Income Verification)
• Private financing - Easy Approvals
• Low Income & Bad Credit Financing
Satnam Saroya
Mortgage Specialist
604.760.9172
# 384-8148 128 St, Surrey
(Payal Buss. Centre)

ਸੁਪਰ ਵੀਜ਼ਾ ਦੇ ਲਈ ਵਿਜ਼ਟਰ ਇਨਸ਼ੋਰੈਂਸ
ਵੀਜ਼ਾ ਨਾ ਲਗਣ ਤੇ 100% ਪੈਸੇ ਵਾਪਸ
• ਲਾਈਫ ਇੰਸ਼ੋਰੈਂਸ • ਟਰੈਵਲ ਇੰਸ਼ੋਰੈਂਸ • ਵਿਜ਼ਟਰ ਇੰਸ਼ੋਰੈਂਸ
• ਡੈਂਟਲ ਤੇ ਮੈਡੀਕਲ ਪਲੈਨ • ਆਰ ਈ ਐਸ ਪੀ, ਆਰ ਆਰ ਐਸ ਪੀ
• ਮਨੀ-ਬੈਕ ਟਰਮ ਇੰਸ਼ੋਰੈਂਸ
• ਕ੍ਰਿਟੀਕਲ ਇਲਨੈਸ ਇੰਸ਼ੋਰੈਂਸ
• ਪਰੀਵਾਰ ਤੋਂ ਬਾਹਰ ਕਵਰੇਜ
• ਸਪੈਸ਼ਲ ਡਿਸਐਬਿਲਿਟੀ ਇੰਸ਼ੋਰੈਂਸ ਟੈਕਸੀ ਤੇ ਟਰੱਕ ਡਰਾਈਵਰਾਂ ਵਾਸਤੇ
Insurance
ਜਸਵੀਰ ਗਰੇਵਾਲ
778 317 6262
JasvirGrewal0596@Gmail.com
ਆਪਣਾ ਜੀਵਨ ਬੀਮਾ ਕਰਵਾਉਣਾ, ਆਪਣੇ ਭਰੋਸੇ ਨੂੰ ਪੱਕਿਆਂ ਕਰਨਾ ਹੈ

Colorful Painting Ltd
ਨਵੇਂ ਜਾਂ ਪੁਰਾਣੇ ਘਰ/ਵਪਾਰ 'ਤੇ ਅੰਦਰ ਜਾਂ ਬਾਹਰ ਰੰਗ ਕਰਨ ਦਾ ਕੰਮ ਤਸੱਲੀਬਖ਼ਸ਼ ਅਤੇ ਵਾਜਿਬ ਕੀਮਤ ਤੇ ਕਰਦੇ ਹਾਂ।
Commercial & Residential
Interior & Exterior
Ph:604-897-2526

TRANSWORLD TRAVEL
ਗੇੜਾ ਜਿੱਥੇ ਮਰਜੀ ਲਾਉ, ਸਸਤੀ ਟਿਕਟ ਸਾਡੇ ਕੋਲੋਂ ਹੀ ਬਣਵਾਉ
ਇੰਡੀਆ ਲਈ ਸਸਤੀਆਂ ਸਿੱਧੀਆਂ ਟਿਕਟਾਂ ਲਉ
ਪੈਸੇ ਭੇਜਣ ਜਾਂ ਮੰਗਵਾਉਣ ਲਈ ਸੰਪਰਕ ਕਰੋ
Air Canada Direct YVR to Delhi
604-852-2204

ਇੰਡੀਆ ਪੈਸੇ ਭੇਜਣ ਜਾਂ ਮੰਗਵਾਉਣ ਲਈ ਇੱਕੋ ਇੱਕ ਨਾਮ
ZIRA CURRENCY EXCHANGER LTD.
ਲੰਮੇ ਸਮੇਂ ਤੋਂ ਭਰੋਸੇ ਯੋਗ ਸੇਵਾਵਾਂ ਡਾਲਰ ਦਾ ਸਭ ਤੋਂ ਵਧੀਆ ਰੇਟ
ਬਖਸ਼ੀਸ਼ ਸਿੰਘ ਜ਼ੀਰਾ, 604-562-7000, 604-314-0000
#397-8148-128 ST. (PAYAL BUSINESS CENTRE) SURREY

ਵਰਕਰਾਂ ਦੀ ਲੋੜ
ਲੋਅਰ ਮੇਨਲੈਂਡ ਦੀ ਮਸ਼ਹੂਰ ਤੇ ਪੁਰਾਣੀ ਕੰਪਨੀ ਜੈਸ ਕੰਸਟਰਕਸ਼ਨ ਨੂੰ ਫਰੇਮਿੰਗ ਦੇ ਕੰਮ ਲਈ ਤਜਰਬੇਕਾਰ ਅਤੇ ਬਿਨਾ ਤਜਰਬੇ ਤੋਂ ਵਰਕਰਾਂ ਦੀ ਤੁਰੰਤ ਲੋੜ ਹੈ।ਰਾਈਡ ਦਾ ਪ੍ਰਬੰਧ ਹੋਵੇਗਾ।
ਤਨਖਾਹ $15-$30 ਪ੍ਰਤੀ ਘੰਟਾ 6 ਦਿਨ ਕੰਮ, 10 ਘੰਟੇ ਰੋਜ਼ਾਨਾ
Ph:604-209-2722

A-CLASS FOREIGN EXCHANGE
ਤੁਸੀਂ ਇੰਡੀਆ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆਂ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ
Punjab Travels
#204-2642 Ceder Park Place Abbotsford
604-825-2222

ਗੁਰੂ ਨਾਨਕ ਜਿਊਲਰਜ਼ ਲਿਮ.
24k & 22k Gold Jewelry
Lucky Stones
Gemstones
40% OFF
Seiko & Citizen Watches
ABBOTSFORD LOCATION
#103 - 2752 Allwood St. Abbotsford, BC V2T 3R7
604-864-6066 | 604-853-5259

IATA Accredited Agent
SIDHU TRAVEL LTD.
ਇੰਡੀਆ ਜਾਂ ਦੁਨੀਆਂ ਵਿੱਚ ਕਿਤੇ ਵੀ ਯਾਤਰਾ ਕਰਨ ਲਈ, ਭਰੋਸੇਯੋਗ ਸੇਵਾਵਾਂ ਲਈ ਸਾਡੇ ਨਾਲ ਸੰਪਰਕ ਕਰੋ।ਆਪਣੀ ਯਾਤਰਾ ਦੇ ਹਰ ਪਲ ਨੂੰ ਬਿਹਤਰ ਬਣਾਉ।
Rani Sidhu
Rani Sidhu:604-504-3400
Aman:604-800-3003
Email:sidhutravel13@gmail.com
BESTWAY Foreign Exchange Ltd.
www.bestwayforeignexchange.com
Sony Sidhu (Zira)
Ph: 778-246-2500
604-592-2676
Unit 109, 12830-80 Ave York Centre Surrey

Pacific HOME WARRANTY
J&J FRESH LOOK HOMES LTD..
ਫਰੇਮਿੰਗ ਦੇ ਕਈ ਸਾਲਾਂ ਦੇ ਤਜਰਬੇ ਤੋਂ ਬਾਦ ਹੁਣ ਮੁਕੰਮਲ ਘਰ ਬਣਾਉਣ ਦਾ ਕੰਮ ਸ਼ੁਰੂ
*Custom Houses *Project Management
*Residential *Buildings
Jarnail Singh Maan:
604.832.9308
maanjarnail@gmail.com
#136-1779 Clearbrook Rd, Abbotsford

MOHIE Travel Ltd.
#136-1779 Clearbrook Rd, Abbotsford
• DOMESTIC & INTERNATIONAL TICKETS
• TOURS , CRUISES
ਅਸੀਂ ਪਾਸਪੋਰਟ ਬਣਾਉਣ ਲਈ ਹਰੇਕ ਤਰ੍ਹਾਂ ਦੇ ਫਾਰਮ ਭਰਦੇ ਹਾਂ
ਟਰੈਵਲ ਟਿਕਟ ਸਰਵਿਸਿਜ਼
Contact Jarnail S Maan
604-746-9222
Email:mohietravel@gmail.com

Universal Auto Collision Ltd.
We Moved To New Location
27441-FRASER HWY. ALDERGROVE, BC
» ਆਈ. ਸੀ. ਬੀ. ਸੀ. ਕਲੇਮਜ਼ » ਪ੍ਰਾਈਵੇਟ ਕਲੇਮਜ਼ » ਫਰੀ ਐਸਟੀਮੇਟ
» ਫਰੀ ਕਰਟਸੀ ਕਾਰ » ਆਟੋ ਗਲਾਸ ਰਿਪਲੇਸਮੈਂਟ
• ICBC Claims • Private Claims • Free Courtesy Cars
• Auto Glass Replacement • Free Estimates Fax:604-596-3800 Ph. 604-596-2800
Satisfaction Guarantee

ਪੰਜਾਬ ਗਾਰਡੀਅਨ
Call to Advertise
604-590-5200

# FARM AND SPICE

## Weekly Special

## Apr 11 - 17

Senior Citizen Discount
5% Off
Every Thursday
Except on Dairy Products



ਪਾਲਕ
**Spinach**
each
**$1.49**



ਅਦਰਕ
**Ginger**
per lb
**$1.99**



ਧਨੀਆ
**Cilantro**
2 for
**$0.99**



ਨਿੰਬੂ
**Lemon**
2 for
**$0.99**



ਲੈਟਸ
**Head Lettuce**
each
**$1.99**



ਲਸਨ
**Garlic**
1 Kg each
**$3.99**



ਸ਼ਕਰਕੰਦੀ
**Sweet Potatoes**
per lb
**$1.49**



ਨਾਨਕ ਦੇਸੀ ਘਿਓ
**Nanak Desi Ghee**
3.5 lbs
**$26.99**



ਬਾਸਮਤੀ
**Canteen Indian Basmati**
10 lbs
**$10.99**



ਨਾਨਕ ਪਨੀਰ
**Nanak Fresh / Malai Paneer**
341 gms each
**$4.99**



ਅੰਬੇ ਆਟਾ
**Ambay Besan / Makki Atta**
4lbs
**$4.99**



ਕਨਟੀਨ ਪੇਸੀ ਗੁੜ
**Canteen Pesi Gur**
1Kg
**$3.49**



ਸ਼ੇਰ ਬੇਸਨ
**Sher Besan**
4 lbs
**$4.99**



ਹੀਰ ਖੰਡ
**Heer Brown/White Sugar**
8 lbs
**$6.99**



ਹੀਰ ਦਾਲਾਂ
**Heer Chana Dal / Kala Chana / Red Spilt**
4 lbs
**$4.99**



ਆਸ਼ਿਰਵਾਦ ਆਟਾ
**Aashirwad Atta**
20 lbs
**$12.99**

*while supply last

Open 7 Days a Week
8:30 am to 9:00 pm

**farmandspice.com**

#9546-9548 Scott Town Plaza
96 Ave Scott Road Surrey

# 09-10 12830 96 Ave.
Surrey BC | Tel: 604 930 7742

# 103-104 14320 64 Ave.
Surrey BC | Tel: 604 593 6323

# ਫੈਡਰਲ ਚੋਣਾਂ ਵਿੱਚੋਂ ਕੰਸਰਵੇਟਿਵ ਅਤੇ ਲਿਬਰਲ ਪਾਰਟੀ ਨੇ ਹਟਾਏ ਉਮੀਦਵਾਰ:ਗਲਤ ਟਿੱਪਣੀਆਂ ਦਾ ਦੋਸ਼

ਆਟਵਾ:-ਫੈਡਰਲ ਚੋਣ ਮੁਹਿੰਮ ਵਿੱਚ ਕੈਨੇਡਾ ਦੀ ਕੰਜ਼ਰਵੇਟਿਵ ਪਾਰਟੀ ਨੇ ਕਈ ਉਮੀਦਵਾਰਾਂ ਨੂੰ ਦੌੜ ਤੋਂ ਬਾਹਰ ਕਰ ਚੁੱਕੀ ਹੈ।ਓਨਟਾਰੀਓ, ਕਿਊਬੈਕ ਅਤੇ ਬ੍ਰਿਟਿਸ਼ ਕੋਲੰਬੀਆ ਵਿੱਚ ਚਾਰ ਉਮੀਦਵਾਰਾਂ ਨੂੰ ਹਟਾ ਦਿੱਤਾ ਗਿਆ ਸੀ। ਲਿਬਰਲ ਪਾਰਟੀ ਨੇ ਵੀ ਕੁਝ ਉਮੀਦਵਾਰ ਹਟਾਏ ਹਨ।ਹਟਾਏ ਗਏ ਉਮੀਦਵਾਰਾਂ ਬਾਰੇ ਕਿਹਾ ਜਾ ਰਿਹਾ ਹੈ ਕਿ ਉਹਨਾ ਉਪਰ ਕੈਨੇਡੀਅਨ ਸਿਸਟਮ ਵਿੱਚ ਵਿਦੇਸ਼ੀ ਦਖਲ ਅੰਦਾਜ਼ੀ ਦਾ ਸ਼ੱਕ ਕੀਤਾ ਜਾ ਰਿਹਾ ਹੈ।ਕੰਜ਼ਰਵੇਟਿਵ ਨੇਤਾ ਪਿਅਰੇ ਪੋਇਲੀਵਰ ਨੂੰ ਕੈਂਡੀਡੇਟਾ ਨੂੰ ਹਟਾਉਣ ਬਾਰੇ ਪੁੱਛਿਆ ਗਿਆ ਤਾਂ ਉਨਾ ਕਿਹਾ ਉਨ੍ਹਾਂ ਦੀ "ਜਾਂਚ ਪ੍ਰਕਿਰਿਆ ਬਾਕੀ ਸਾਰੀਆਂ ਪਾਰਟੀਆਂ ਨਾਲੋਂ ਮਜ਼ਬੂਤ ਹੈ।"" ਇਸੇ ਲਈ ਸਾਡੇ ਕੋਲ ਕਿਸੇ ਵੀ ਵਿਅਕਤੀ ਲਈ ਜ਼ੀਰੋ ਸਹਿਣਸ਼ੀਲਤਾ ਹੈ ਜੋ ਅਸਵੀਕਾਰਨਯੋਗ ਹੈ," ਉਮੀਦਵਾਰਾਂ ਨੂੰ ਹਟਾਉਣਾ ਬਾਰੇ ਕੁਝ ਤਜਰਬੇਕਾਰ ਟੋਰੀ ਪ੍ਰਚਾਰਕਾਂ ਅਤੇ ਰਣਨੀਤੀਕਾਰਾਂ ਨੇ ਕਿਹਾ ਸੀ ਕਿ ਕੰਜ਼ਰਵੇਟਿਵ ਮੁਹਿੰਮ ਨੂੰ ਰੀਸੈਟ ਕਰਨ ਦੀ ਲੋੜ ਹੈ।

ਮੈਕੇਂਜ਼ੀ ਓਨਟਾਰੀਓ ਦੇ ਵਿੰਡਸਰ-ਟੇਕਮਸੇਹ-ਲੇਕਸ਼ੋਰ ਤੋਂ ਚੋਣ ਲੜ ਰਹੇ ਸਨ। ਉਨ੍ਹਾਂ ਨੇ ਮੰਗਲਵਾਰ ਨੂੰ ਇੱਕ ਇੰਟਰਵਿਊ ਵਿੱਚ ਗਲੋਬਲ ਨਿਊਜ਼ ਨੂੰ ਦੱਸਿਆ ਕਿ ਪਾਰਟੀ ਨੇ ਉਨ੍ਹਾਂ ਨੂੰ ਪਿਛਲੀਆਂ ਟਿੱਪਣੀਆਂ ਕਾਰਨ ਹਟਾ ਦਿੱਤਾ ਹੈ ਕਿਉਂਕਿ ਉਨ੍ਹਾਂ ਨੇ ਇੱਕ ਪੋਡਕਾਸਟ ਵਿੱਚ ਸੁਝਾਅ ਦਿੱਤਾ ਸੀ ਕਿ ਸਾਬਕਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਮੌਤ ਦੀ ਸਜ਼ਾ ਦਾ ਸਾਹਮਣਾ ਕਰਨਾ ਚਾਹੀਦਾ ਹੈ।

ਦੂਸਰਾ ਸਟੀਫਨ ਮਾਰਕਿਸ ਕਸ ਲੌਰੀਅਰ ਕਿਊਬਿਕ ਰਾਈਡਿੰਗ ਵਿੱਚ ਟੋਰੀਜ਼ ਲਈ ਚੋਣ ਲੜ ਰਿਹਾ ਸੀ।ਐਕਸ 'ਤੇ ਇੱਕ ਪੋਸਟ ਵਿੱਚ, ਮਾਰਕਿਸ ਨੇ ਕਿਹਾ ਕਿ ਉਸਨੂੰ ਪਾਰਟੀ ਦੇ ਇੱਕ ਓਪਰੇਸ਼ਨ ਮੈਨੇਜਰ ਤੋਂ ਇੱਕ ਫੋਨ ਆਇਆ ਸੀ ਅਤੇ ਉਸਨੂੰ ਦੱਸਿਆ ਗਿਆ ਸੀ ਕਿ ਉਹ ਹੁਣ ਕੰਜ਼ਰਵੇਟਿਵਜ਼ ਦਾ ਉਮੀਦਵਾਰ ਨਹੀਂ ਰਹੇਗਾ।"ਸ਼੍ਰੀ ਮਾਰਕੁਇਸ ਹੁਣ ਕੈਨੇਡਾ ਦੀ ਕੰਜ਼ਰਵੇਟਿਵ ਪਾਰਟੀ ਦੇ ਉਮੀਦਵਾਰ ਨਹੀਂ ਹਨ," ਪਾਰਟੀ ਨੇ ਇੱਕ ਬਿਆਨ ਵਿੱਚ ਕਿਹਾ।ਲੌਰੇਂਸ ਸਿੰਘ ਹਟਾਏ ਜਾਣ ਵਾਲੇ ਤੀਜੇ ਕੰਜ਼ਰਵੇਟਿਵ ਉਮੀਦਵਾਰ ਹਨ।ਸਿੰਘ ਨਿਊ ਵੈਸਟਮਿੰਸਟਰ-ਬਰਨਾਬੀ-ਮੈਲਾਰਡਵਿਲ ਦੇ ਬ੍ਰਿਟਿਸ਼ ਕੋਲੰਬੀਆ ਰਾਈਡਿੰਗ ਲਈ ਪਾਰਟੀ ਦੇ ਨਾਮਜ਼ਦ ਸਨ।ਕੰਜ਼ਰਵੇਟਿਵ ਪਾਰਟੀ ਦੇ ਬੁਲਾਰੇ ਨੇ ਬਿਆਨ ਵਿੱਚ ਗਲੋਬਲ ਨਿਊਜ਼ ਨੂੰ ਦੱਸਿਆ ਕਿ ਸਿੰਘ ਉਨ੍ਹਾਂ ਲਈ "ਉਮੀਦਵਾਰ ਨਹੀਂ ਹੋਣਗੇ"। ਬੁਲਾਰੇ ਨੇ ਹਟਾਉਣ ਦਾ ਕੋਈ ਕਾਰਨ ਨਹੀਂ ਦੱਸਿਆ।ਡੌਨ ਪਟੇਲ ਟੋਰਾਂਟੋ ਖੇਤਰ ਦੇ ਇਟੋਬੀਕੋਕ ਨੌਰਥ ਰਾਈਡਿੰਗ ਵਿੱਚ ਚੋਣ ਲੜ ਰਹੇ ਸਨ।ਕੰਜ਼ਰਵੇਟਿਵ ਪਾਰਟੀ ਦੇ ਇੱਕ ਬੁਲਾਰੇ ਨੇ ਗਲੋਬਲ ਨਿਊਜ਼ ਨੂੰ ਦੱਸਿਆ ਕਿ ਪਾਰਟੀ ਨੇ ਪਟੇਲ ਨੂੰ ਉਸ ਸਮੇਂ ਹਟਾ ਦਿੱਤਾ ਸੀ ਜਦੋਂ ਉਨ੍ਹਾਂ ਨੇ ਇੱਕ ਸੋਸ਼ਲ ਮੀਡੀਆ ਪੋਸਟ ਦਾ ਸਮਰਥਨ ਕੀਤਾ ਸੀ ਜਿਸ ਵਿੱਚ ਕੁਝ ਲੋਕਾਂ ਨੂੰ ਭਾਰਤ ਭੇਜਣ ਦੇ ਵਿਚਾਰ ਦਾ ਸਮਰਥਨ ਕੀਤਾ ਗਿਆ ਸੀ ਜਿੱਥੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇਨ੍ਹਾਂ ਬਕਵਾਸ ਲੋਕਾਂ ਦੀ ਦੇਖਭਾਲ ਕਰ ਸਕਦੇ ਹਨ।ਅਜਿਹੇ ਬਿਆਨ ਦਾ ਸਮਰਥਨ ਕਰਨਾ ਸਪੱਸ਼ਟ ਤੌਰ 'ਤੇ ਅਸਵੀਕਾਰਨਯੋਗ ਹੈ।ਬੁਲਾਰੇ ਨੇ ਕਿਹਾ। ਲਿਬਰਲ ਪਾਰਟੀ ਪਾਲ ਚਿਆਂਗ ਨੇ ਐਲਾਨ ਕੀਤਾ ਕਿ ਉਹ ਮਾਰਖਮ-ਯੂਨੀਅਨਵਿਲ ਰਾਈਡਿੰਗ ਵਿੱਚ ਉਮੀਦਵਾਰ ਵਜੋਂ ਅਸਤੀਫਾ ਦੇ ਰਹੇ ਹਨ ਕਿਉਂਕਿ ਜਨਵਰੀ ਵਿੱਚ ਉਨ੍ਹਾਂ ਨੇ ਕੰਜ਼ਰਵੇਟਿਵ ਜੋਅ ਟੇਅ ਨੂੰ ਇਨਾਮ ਦੇ ਬਦਲੇ ਚੀਨੀ ਅਧਿਕਾਰੀਆਂ ਦੇ ਹਵਾਲੇ ਕਰ ਦੇਣਾ ਚਾਹੀਦਾ ਹੈ।ਲਿਬਰਲ ਪਾਰਟੀ ਦੇ ਨੇਤਾ ਮਾਰਕ ਕਾਰਨੀ ਨੇ ਕਿਹਾ ਸੀ ਕਿ ਟਿੱਪਣੀਆਂ "ਬਹੁਤ ਜ਼ਿਆਦਾ ਅਪਮਾਨਜਨਕ" ਸਨ।"ਲਿਬਰਲਾਂ ਨੇ ਹਾਲ ਹੀ ਦੇ ਹਫ਼ਤਿਆਂ ਵਿੱਚ ਹੋਰ ਉਮੀਦਵਾਰਾਂ ਨੂੰ ਵੀ ਹਟਾ ਦਿੱਤਾ ਹੈ। ਜਨਵਰੀ ਵਿੱਚ, ਪਾਰਟੀ ਨੇ ਪੁਸ਼ਟੀ ਕੀਤੀ ਕਿ ਚੰਦਰ ਆਰੀਆ ਹੁਣ ਨੇਪੀਅਨ ਵਿੱਚ ਉਮੀਦਵਾਰ ਨਹੀਂ ਹੋਣਗੇ।ਚੰਦਰ ਆਰੀਆ ਦੀਆਂ ਟਿਪਣੀ ਕੈਨੇਡਾ ਦੇ ਸਿੱਖਾਂ ਦੇ ਖਿਲਾਫ ਅਤੇ ਮੋਦੀ ਪੱਖੀ ਸਨ।



ਡੌਨ ਪਟੇਲ | ਚੰਦਰਾ ਆਰੀਆ | ਲਾਰੈਂਸ ਸਿੰਘ

ਸੀਬੀਸੀ ਨੇ 28 ਮਾਰਚ ਨੂੰ ਰਿਪੋਰਟ ਦਿੱਤੀ ਸੀ ਕਿ ਕੈਲਗਰੀ ਕਨਫੈਡਰੇਸ਼ਨ ਦੇ ਉਮੀਦਵਾਰ ਥਾਮਸ ਕੀਲਰ ਨੂੰ 20 ਸਾਲ ਪੁਰਾਣੇ ਘਰੇਲੂ ਹਮਲੇ ਦੇ ਦੋਸ਼ ਦਾ ਖੁਲਾਸਾ ਕਰਨ ਵਿੱਚ ਅਸਫਲ ਰਹਿਣ ਕਾਰਨ ਹਟਾ ਦਿੱਤਾ ਗਿਆ ਸੀ, ਜਿਸ ਨੂੰ ਲਗਾਏ ਜਾਣ ਤੋਂ ਛੇ ਹਫ਼ਤੇ ਬਾਅਦ ਰੋਕ ਦਿੱਤਾ ਗਿਆ ਸੀ।

ਐਨ.ਡੀਪੀ ਨੇਤਾ ਜਗਮੀਤ ਸਿੰਘ ਤੋਂ ਲਿਬਰਲ ਅਤੇ ਕੰਜ਼ਰਵੇਟਿਵ ਉਮੀਦਵਾਰਾਂ ਦੇ ਆਲੇ ਦੁਆਲੇ ਦੇ ਵਿਵਾਦਾਂ ਬਾਰੇ ਪੁੱਛਿਆ ਗਿਆ।ਉਨ੍ਹਾਂ ਕਿਹਾ ਕਿ ਹੁਣ ਤੱਕ, ਉਨ੍ਹਾਂ ਦੀ ਪਾਰਟੀ ਦੇ ਅਜਿਹੇ ਕੋਈ ਹਾਲਾਤ ਨਹੀਂ ਹਨ।ਸਿੰਘ ਨੇ ਕਿਹਾ, "ਜੇਕਰ ਕੁਝ ਅਜਿਹਾ ਹੁੰਦਾ ਹੈ, ਤਾਂ ਅਸੀਂ ਆਪਣੇ ਦੇਸ਼ ਲਈ, ਆਪਣੇ ਲੋਕਤੰਤਰ ਲਈ ਸਭ ਤੋਂ ਵਧੀਆ ਫੈਸਲਾ ਲਵਾਂਗੇ, ਅਤੇ ਇਸ ਲਈ ਅਸੀਂ ਅਜਿਹਾ ਕਰਨ ਲਈ ਤਿਆਰ ਰਹਾਂਗੇ।

# ਵਿਨੀਪੈੱਗ ਦੇ ਇੱਕ ਪੰਜਾਬੀ ਨੂੰ ਵਿਜ਼ਟਰ ਆਏ ਵਿਦੇਸ਼ੀ ਨਾਗਰਿਕਾਂ ਨੂੰ ਰੁਜ਼ਗਾਰ ਦੇਣ ਬਦਲੇ 50 ਹਜ਼ਾਰ ਡਾਲਰ ਜੁਰਮਾਨਾ ਅਤੇ ਹੋਈ ਕੈਦ

ਵਿਨੀਪੈੱਗ- ਵਿਨੀਪੈੱਗ ਦੇ ਇੱਕ ਨਿਵਾਸੀ ਗੁਰਵਿੰਦਰ ਸਿੰਘ ਆਹਲੂਵਾਲੀਆ ਨੂੰ ਇਮੀਗ੍ਰੇਸ਼ਨ ਅਤੇ ਸ਼ਰਨਾਰਥੀ ਸੁਰੱਖਿਆ ਐਕਟ ਦੀ ਧਾਰਾ 124 ਦੇ ਤਹਿਤ ਵਿਦੇਸ਼ੀ ਨਾਗਰਿਕਾਂ ਦੇ ਅਣਅਧਿਕਾਰਤ ਰੁਜ਼ਗਾਰ ਦੇ ਇੱਕ ਦੋਸ਼ ਲਈ ਦੋਸ਼ੀ ਮੰਨਣ ਤੋਂ ਬਾਅਦ 20 ਮਹੀਨੇ ਦੀ ਘਰ ਵਿੱਚ ਨਜ਼ਰਬੰਦੀ ਅਤੇ $50,000 ਦਾ ਜੁਰਮਾਨਾ ਲਗਾਇਆ ਗਿਆ ਹੈ।ਇਹ ਸਜ਼ਾ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਦੁਆਰਾ ਇੱਕ ਵਿਸਤ੍ਰਿਤ ਜਾਂਚ ਤੋਂ ਬਾਅਦ ਸੁਣਾਈ ਗਈ ਹੈ, ਜੋ ਕਿ ਅਗਸਤ 2023 ਵਿੱਚ ਇੱਕ ਸਥਾਨਕ ਉਸਾਰੀ ਵਾਲੀ ਥਾਂ 'ਤੇ ਅਣਅਧਿਕਾਰਤ ਕਾਮਿਆਂ ਦੇ ਰੁਜ਼ਗਾਰ ਅਤੇ ਦੁਰਵਿਵਹਾਰ ਸੰਬੰਧੀ ਰਿਪੋਰਟਾਂ ਸਾਹਮਣੇ ਆਉਣ ਤੋਂ ਬਾਅਦ ਸ਼ੁਰੂ ਹੋਈ ਸੀ। ਸਾਈਟ ਮੈਨੇਜਰ ਵਜੋਂ ਸੇਵਾ ਨਿਭਾ ਰਹੇ ਆਹਲੂਵਾਲੀਆ ਨੂੰ ਜਾਂਚ ਦੌਰਾਨ ਸਾਹਮਣੇ ਆਏ ਕਾਗਜ਼ੀ ਕਾਰਵਾਈਆਂ ਅਤੇ ਵਰਕ ਪਰਮਿਟ ਅਰਜ਼ੀਆਂ ਰਾਹੀਂ ਕੇਸ ਨਾਲ ਜੋੜਿਆ ਗਿਆ ਸੀ।ਸਬੂਤਾਂ ਤੋਂ ਪਤਾ ਲੱਗਾ ਕਿ ਆਹਲੂਵਾਲੀਆ ਵਿਦੇਸ਼ੀ ਨਾਗਰਿਕਾਂ ਨੂੰ ਬਿਨਾਂ ਕਿਸੇ ਅਧਿਕਾਰ ਦੇ ਕੈਨੇਡਾ ਵਿੱਚ ਕੰਮ ਕਰਨ ਲਈ ਸਰਗਰਮੀ ਨਾਲ ਲੁਭਾਉਂਦਾ ਰਿਹਾ ਸੀ। ਇਸ ਤੋਂ ਇਲਾਵਾ, ਉਹ ਉਨ੍ਹਾਂ ਕਾਮਿਆਂ ਨੂੰ ਘੱਟ ਤਨਖਾਹ ਦਿੰਦਾ ਸੀ ਜਿਨ੍ਹਾਂ ਨੂੰ ਕੈਨੇਡਾ ਵਿੱਚ ਕੰਮ ਕਰਨ ਦੀ ਕਾਨੂੰਨੀ ਤੌਰ 'ਤੇ ਇਜਾਜ਼ਤ ਸੀ।26 ਨਵੰਬਰ, 2024 ਨੂੰ ਅਧਿਕਾਰਤ ਤੌਰ 'ਤੇ ਦੋਸ਼ ਲਗਾਏ ਗਏ ਸਨ। ਆਹਲੂਵਾਲੀਆ ਦੀ ਸਜ਼ਾ ਦਰਸਾਉਂਦੀ ਹੈ ਅਤੇ ਵਿਦੇਸ਼ੀ ਕਾਮਿਆਂ ਦੇ ਸ਼ੋਸ਼ਣ ਤੇ ਵਿਜ਼ਟਰਾਂ ਨੂੰ ਕੰਮ ਦੇਣ ਵਾਲਿਆਂ ਨੂੰ ਦੇ ਗੰਭੀਰ ਨਤੀਜੇ ਬੁਗਤਣ ਦੀ ਚਿਤਾਵਨੀ ਹੈ।

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਮਾਮਲੇ 'ਚ ਕੇਂਦਰ ਤੇ ਪੰਜਾਬ ਸਰਕਾਰ ਬਣਾਏ ਸਖ਼ਤ ਤੇ ਵਿਸ਼ੇਸ਼ ਕਾਨੂੰਨ:ਜਥੇ. ਕੁਲਦੀਪ ਸਿੰਘ ਗੜਗੱਜ

ਨਵੀਂ ਦਿੱਲੀ- ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਪਾਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਮਾਮਲੇ ਵਿੱਚ ਕੇਂਦਰ ਅਤੇ ਪੰਜਾਬ ਸਰਕਾਰ ਸਖ਼ਤ ਅਤੇ ਵਿਸ਼ੇਸ਼ ਕਾਨੂੰਨ ਬਣਾਉਣ। ਦਫ਼ਤਰ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜਾਰੀ ਇੱਕ ਬਿਆਨ ਵਿੱਚ ਜਥੇਦਾਰ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਿੱਖਾਂ ਦੇ ਜੁਗੋ ਜੁਗ ਅਟੱਲ ਹਾਜ਼ਰ ਨਾਜ਼ਰ ਗੁਰੂ ਹਨ ਅਤੇ ਜਦੋਂ ਵੀ ਕਿਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਹੁੰਦੀ ਹੈ ਤਾਂ ਦੇਸ਼ ਦੁਨੀਆ ਵਿੱਚ ਵੱਸਦੇ ਸਿੱਖਾਂ ਦੇ ਹਿਰਦੇ ਵਲੂੰਧਰੇ ਜਾਂਦੇ ਹਨ।









# ਰਾਸ਼ਟਰੀ ਚੀਨ ਸਿੱਧਾ ਟੱਕਰਿਆ, ਅਮਰੀਕੀ ਮਾਲ ’ਤੇ ਹੋਰ 34 ਫੀਸਦੀ ਟੈਰਿਫ ਠੋਕਿਆ



ਬੀਜਿੰਗ : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਠੋਕੇ ਟੈਰਿਫਾਂ ਦਾ ਜਵਾਬ ਦਿੰਦਿਆਂ ਚੀਨ ਨੇ ਸ਼ੁੱਕਰਵਾਰ ਅਮਰੀਕੀ ਮਾਲ ’ਤੇ ਵਾਧੂ ਟੈਰਿਫ ਤੇ ਰੋਕਾਂ ਲਾਉਣ ਦਾ ਐਲਾਨ ਕੀਤਾ।

ਟਰੰਪ ਵੱਲੋਂ ਟੈਰਿਫ ਵਧਾਉਣ ਤੋਂ ਬਾਅਦ ਚੀਨ ਪਹਿਲਾ ਦੇਸ਼ ਹੈ, ਜਿਸ ਨੇ ‘ਜੈਸੇ ਕੋ ਤੈਸਾ’ ਵਾਲੇ ਫਾਰਮੂਲੇ ਤਹਿਤ ਜਵਾਬੀ ਕਾਰਵਾਈ ਕੀਤੀ ਹੈ।

ਚੀਨ ਦੇ ਸਟੇਟ ਕੌਂਸਲ ਟੈਰਿਫ ਕਮਿਸ਼ਨ ਨੇ ਕਿਹਾ ਹੈ ਕਿ ਅਮਰੀਕੀ ਕਾਰਵਾਈ ਕੌਮਾਂਤਰੀ ਵਪਾਰ ਨੇਮਾਂ ਦੇ ਮੁਤਾਬਕ ਨਹੀਂ ਅਤੇ ਚੀਨ ਦੇ ਵਾਜਬ ਹੱਕਾਂ ਤੇ ਹਿੱਤਾਂ ਨੂੰ ਗੰਭੀਰ ਨੁਕਸਾਨ ਪਹੁੰਚਾਇਆ ਹੈ।

ਵਿੱਤ ਮੰਤਰਾਲੇ ਨੇ ਕਿਹਾ ਕਿ ਚੀਨ ਅਮਰੀਕੀ ਮਾਲ ’ਤੇ 10 ਅਪ੍ਰੈਲ ਤੋਂ ਹੋਰ 34 ਫੀਸਦੀ ਟੈਰਿਫ ਲਾਗੂ ਕਰੇਗਾ।

ਚੀਨ ਨੇ ਸਮਾਰਿਅਮ, ਗੈਡੋਲੀਨਿਅਮ, ਟਰਬਿਅਮ, ਡਿਸਪਰੋਸਿਅਮ, ਲੁਟੇਨਿਅਮ, ਸਕੈਂਡਿਅਮ ਤੇ ਤਿਰੀਅਮ ਵਰਗੇ ਦਰਮਿਆਨੇ ਤੇ ਭਾਰੀ ਖਣਿਜਾਂ ਦੀ ਅਮਰੀਕਾ ਨੂੰ ਬਰਾਮਦ ’ਤੇ ਚਾਰ ਅਪ੍ਰੈਲ ਤੋਂ ਹੀ ਕੰਟਰੋਲ ਦਾ ਐਲਾਨ ਕੀਤਾ ਹੈ।

ਇਨ੍ਹਾਂ ਦੀ ਕੰਪਿਊਟਰ ਚਿੱਪਾਂ ਤੇ ਇਲੈਕਟ੍ਰਿਕ ਵਹੀਕਲਾਂ ਦੀਆਂ ਬੈਟਰੀਆਂ ’ਚ ਵਰਤੋਂ ਹੁੰਦੀ ਹੈ।

ਵਣਜ ਮੰਤਰਾਲੇ ਨੇ ਕਿਹਾ ਹੈ ਕਿ ਇਹ ਕੰਟਰੋਲ ਕੌਮੀ ਸੁਰੱਖਿਆ ਤੇ ਹਿੱਤਾਂ ਦੀ ਰਾਖੀ ਅਤੇ ਨਿਸ਼ਸਤਰੀਕਰਨ ਪ੍ਰਤੀ ਕੌਮਾਂਤਰੀ ਜ਼ਿੰਮੇਵਾਰੀ ਨੂੰ ਪੂਰਾ ਕਰਨ ਲਈ ਲਾਗੂ ਕੀਤੇ ਗਏ ਹਨ।

ਚੀਨੀ ਸਰਕਾਰ ਨੇ ਇਹ ਵੀ ਕਿਹਾ ਹੈ ਕਿ ਇਹ 27 ਹੋਰ ਅਮਰੀਕੀ ਕੰਪਨੀਆਂ ’ਤੇ ਰੋਕਾਂ ਲਾਵੇਗੀ। ਉਹ ਅਮਰੀਕੀ ਟੈਰਿਫਾਂ ਖਿਲਾਫ ਸੰਸਾਰ ਵਪਾਰ ਜਥੇਬੰਦੀ (ਡਬਲਿਊ ਟੀ ਓ) ਵਿੱਚ ਕੇਸ ਵੀ ਕਰੇਗੀ।

ਚੀਨ ਵੱਲੋਂ ਕੀਤੀ ਗਈ ਇਸ ਜਵਾਬੀ ਕਾਰਵਾਈ ਨਾਲ ਅਮਰੀਕਾ ਦਾ ਸ਼ੇਅਰ ਬਾਜ਼ਾਰ ਇੱਕ ਵਾਰ ਲੜਖੜਾ ਗਿਆ।

## (ਮੁੱਖ ਪੰਨੇ ਦੀ ਬਾਕੀ)

ਗਿਣਤੀਆਂ ਅਤੇ ਦਲਿਤਾਂ ਨੂੰ ਰਗੜਣ ਲੱਗੀ ਹੋਈ ਹੈ।ਬੇਸ਼ੱਕ ਵਿਰੋਧੀ ਧਿਰ ਵਜੋਂ ਪੰਜਾਬ ਦੀਆਂ ਤਿੰਨੋ ਪਾਰਟੀਆਂ ਦੇ ਲੋਕ ਸਭਾ ਮੈਂਬਰਾਂ ਨੇ ਇਸ ਤੇ ਕਰੜਾ ਰੋਸ ਵੀ ਦਰਜ ਕਰਾਇਆ ਹੈ। ਖਾਸ ਕਰਕੇ ਬੀਬੀ ਹਰਸਿਮਰਤ ਕੌਰ ਬਾਦਲ, ਰਾਜਾ ਵੜਿੰਗ ਅਤੇ ਮੀਤ ਹੇਅਰ ਨੇ ਇਸ ਮਤੇ ਨੂੰ ਰੱਦ ਕਰਨ ਲਈ ਪੱਬਾਂ ਤੇ ਹੋ ਕੇ ਜ਼ੋਰ ਲਾਇਆ।ਫਿਰ ਵੀ ਇਹ ਬਿੱਲ ਲੋਕ ਸਭਾ ਵਿੱਚ ਪਾਸ ਹੋ ਗਿਆ ਹੈ। ਇਸ ਬਿਲ ਦੌਰਾਨ ਜੋ ਬਹਿਸ ਹੋਈ ਉਸ ਵਿੱਚ ਸਭ ਤੋਂ ਮਾੜਾ ਰੋਲ ਰਵਨੀਤ ਬਿੱਟੂ ਦਾ ਰਿਹਾ। ਜਿਸ ਨੇ ਸਿੱਖ ਇਤਿਹਾਸ ਨੂੰ ਹੀ ਉਲਟਾ ਕਰਕੇ ਸਿੱਖਾਂ ਮੁਸਲਮਾਨਾਂ ਦੀ ਦੁਸ਼ਮਣੀ ਦੇ ਰੂਪ ਵਿੱਚ ਪੇਸ਼ ਕੀਤਾ। ਜਦੋਂ ਕਿ ਇਤਿਹਾਸ ਵਿੱਚ ਅਜਿਹਾ ਕੁਝ ਵੀ ਨਹੀਂ ਹੈ। ਸਿੱਖ ਗੁਰੂ ਸਾਹਿਬਾਨ ਜਾਂ ਸਿੱਖਾਂ ਨੇ ਕਦੇ ਕਿਸੇ ਜਾਤ ਜਾਂ ਧਰਮ ਨਾਲ ਦੁਸ਼ਮਣੀ ਨਹੀਂ ਕੀਤੀ। ਕੇਵਲ ਸਿਧਾਂਤਾਂ ਦੀ ਲੜਾਈ ਲੜੀ ਹੈ। ਉਹ ਵੀ ਸਮੇਂ ਦੇ ਜਾਲਮ ਹਾਕਮਾਂ ਦੇ ਖਿਲਾਫ। ਰਵਨੀਤ ਬਿੱਟੂ ਅੱਜ ਜਿਸ ਕੱਟੜਵਾਦੀ ਜਮਾਤ ਦੇ ਹੱਕ ਵਿੱਚ ਭਾੜੇ ਤੇ ਬੋਲ ਰਹੇ ਹਨ।ਉਹਨਾਂ ਨੂੰ ਇਹ ਪਤਾ ਹੋਵੇਗਾ ਕਿ ਗੁਰੂ ਗੋਬਿੰਦ ਸਿੰਘ ਤੇ ਜੋ 14 ਹਮਲੇ ਹੋਏ ਉਹਨਾਂ ਵਿੱਚੋਂ 13 ਹਮਲੇ ਮੁਗਲਾਂ ਨੇ ਨਹੀਂ ਸਗੋਂ ਹਿੰਦੂ ਰਾਜਿਆਂ ਨੇ ਕੀਤੇ ਸਨ। ਜਿਨਾਂ ਦਾ ਸੂਬੇਦਾਰ ਅੱਜ ਰਵਨੀਤ ਸਿੰਘ ਬਿੱਟੂ ਹੈ।ਇਹ ਜੋ ਕੁਝ ਵੀ ਵਾਪਰ ਰਿਹਾ ਬਹੁਤ ਮੰਦਭਾਗਾ ਅਤੇ ਘੱਟ ਗਿਣਤੀਆਂ ਲਈ ਖਤਰੇ ਦੀ ਘੰਟੀ ਹੈ। ਚੰਗੀ ਗੱਲ ਹੈ ਕਿ ਪੰਜਾਬ ਦੇ ਤਿੰਨ ਪਾਰਟੀਆਂ ਦੇ ਐਮਪੀ ਇਹਦੇ ਵਿਰੋਧ ਵਿੱਚ ਬੋਲੇ ਹਨ। ਪਰ ਇਹਦੇ ਨਾਲ ਸਰਦਾ ਨਹੀਂ ਇਹਨਾਂ ਸਾਰਿਆਂ ਨੂੰ ਪੰਜਾਬ ਅਤੇ ਸਿੱਖਾਂ ਦੇ ਮਸਲਿਆਂ ਵਿੱਚ ਘੱਟ ਗਿਣਤੀਆਂ ਦੇ ਮਾਮਲਿਆਂ ਵਿੱਚ ਅਜੇ ਹੋਰ ਖੁੱਲ ਕੇ ਸਟੈਂਡ ਲੈਣ ਦੇ ਲੋੜ ਹੈ ਕਿਉਂਕਿ ਵਕਫ ਬੋਰਡ ਤਾਂ ਗਿਆ ਤੇ ਜੇ ਅਸੀਂ ਨਾ ਬੋਲੇ ਤਾਂ ਆਉਣ ਵਾਲੇ ਸਮੇਂ ਵਿੱਚ ਸ਼੍ਰੋਮਣੀ ਕਮੇਟੀ ਵੀ ਜਾਵੇਗੀ।



Punjab TRAVELS
Special offer!

ਅਸੀਂ ਇੰਡੀਆ ਜਾਂ ਇੰਡੀਆ ਦੇ ਕਿਸੇ ਵੀ ਕੋਨੇ ਤੇ ਆਉਣ-ਜਾਣ ਲਈ ਟਿਕਟਾਂ ਬਣਾਉਂਦੇ ਹਾਂ।


ਜੀਵਨ ਸਿੰਘ ਮੋਗਾ

- ਸਪੈਸ਼ਲ ਰੇਟ : ਏਅਰ ਕਨੈਡਾ ਅਤੇ ਚਾਈਨਾ ਏਅਰ ਲਾਈਨ
- ਸਾਰੀਆਂ ਏਅਰ ਲਾਈਨਾਂ ਦੀਆਂ ਸਸਤੀਆਂ ਟਿਕਟਾਂ
- ਅਸੀਂ ਘਰੇਲੂ ਅਤੇ ਸਾਰੇ ਦੇਸ਼ਾਂ ਦੀਆਂ ਟਿਕਟਾਂ ਵੀ ਬਣਾਉਂਦੇ ਹਾਂ

Ph : 604-825-3075, 604-744-4400
2642 Cedar Park Abbotsford, British Columbia V2T 3S5



SAVVY
iccrc crcic Immigration Services Inc.
ਇੰਮੀਗਰੇਸ਼ਨ ਸਬੰਧੀ ਕਿਸੇ ਵੀ ਤਰ੍ਹਾਂ ਦੀਆਂ ਸੇਵਾਵਾਂ ਲੈਣ ਲਈ ਸੰਪਰਕ ਕਰੋ
*Temporary Visa *Student Visa
*Work Permit *Permanent Immigration
*Humanitarian & Compassionate Cases
Harpreet K Grewal:604-832-9581
Email:info@savvyimmigrations.com www.savyimmigration.com
Unit A-32088, Cedar Lane, Abbotsford BC Canada
Mon–Sat:10:00 AM-06:00 PM Closed on Sunday





SekCheck FINGERPRINTING SERVICES
*Digital Fingerprinting *Police Certificate CPIC
*Overseas Police Check *Ink & Roll Fingerprinting
*Name Change Application *Record Suspension *US Waiver
Ph:604-628-4446, 778-536-1188
#255-13711-72Ave Surrey, BC



CANRISE IMMIGRATION
www.canriseimmigration.com
778-565-1717
CANRISE IMMIGRATION
SPOUSAL SPONSORSHIP ਸਪਾਊਜ਼ਲ ਸਪਾਂਸਰਸ਼ਿਪ
ਅਗਰ ਤੁਸੀਂ ਇੰਡੀਆ ਵਿਆਹ ਕਰਵਾਉਣ ਜਾ ਰਹੇ ਹੋ ਤਾਂ ਜਾਣ ਤੋਂ ਪਹਿਲਾਂ ਆਪਣਾ ਪੇਪਰ ਵਰਕ ਪੂਰਾ ਕਰਵਾਉਣ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ

BCPNP ਬੀ ਸੀ ਪੀ ਐਨ ਪੀ
- New BCPNP program is Open. Get FREE Assessment.
- To bring your relatives or friends in your business contact us.
- Students on Open Work Permit can apply in this program.

ਨਵਾਂ ਬੀ ਸੀ ਪੀ ਐਨ ਪੀ ਪ੍ਰੋਗਰਾਮ ਖੁੱਲ੍ਹ ਗਿਆ ਹੈ।ਫਰੀ ਅਸੈਸਮੈਂਟ ਲਉ।ਆਪਣੇ ਬਿਜਨਸ ਵਿਚ ਆਪਣੇ ਰਿਸ਼ਤੇਦਾਰ ਜਾਂ ਦੋਸਤਾਂ ਨੂੰ ਲਿਆਉਣ ਲਈ ਸਾਡੇ ਨਾਲ ਸੰਪਰਕ ਕਰੋ।ਓਪਨ ਵਰਕ ਪਰਮਿਟ ਤੇ ਵਿਦਿਆਰਥੀ ਇਸ ਪ੍ਰੋਗਰਾਮ ਲਈ ਅਪਲਾਈ ਕਰ ਸਕਦੇ ਹਨ।

- ਐਲ ਐਮ ਆਈ ਏ / ਵਰਕ ਪਰਮਿਟ
- ਮਾਤਾ-ਪਿਤਾ ਅਤੇ ਗਰੈਂਡ ਪੇਰੈਂਟਸ ਸਪਾਂਸਰਸ਼ਿਪ / ਸੁਪਰਵੀਜਾ
- ਸਪਾਊਜ਼ਲ ਸਪਾਂਸਰਸ਼ਿਪ (ਵਿਆਹ ਦੇ ਕੇਸ)
- ਬੀ. ਸੀ. ਪੀ. ਐਨ. ਪੀ.
- ਆਪਨੇ ਬਿਨਜਸ ਵਿੱਚ ਆਪਨੇ ਰਿਸ਼ਤੇਦਾਰ ਨੂੰ ਵਰਕ ਪਰਮਿਟ ਤੇ ਬੁਲਾ ਸਕਦੇ ਹੋ
- ਇਨ-ਹੋਮ ਕੇਅਰਗਿਵਰਜ (ਨੈਨੀ)
- ਸਟੂਡੈਂਟ ਵੀਜ਼ਾ

- LMIA / Work Permit
- PARENTS & GRANDPARENTS SPONSORSHIP
- SPOUSAL SPONSORSHIP (MARRIAGE CASES)
- BCPNP
- In Home Caregivers (Nanny)
- SUPER VISA FOR PARENTS
- Student Visa

OUR SERVICES:
- Visitors Visa / Skilled Workers
- Temporary Workers
- Quebec Immigration
- Family Sponsorship
- Provincial Nominees
- Canadian Experience Class
- Business / Entrepreneurs / Investor Immigration
- Extension Of Temporary Visa
- Restoration Of Status
- Refugee Claims
- Citizenship Application
- Immigration & Investment Programs For Farmers / Businessmen

CANRISE
Ranjeet S. Sohi
Registered Canadian Immigration Consultant
ICCRC Membership # R422751
#223-8028 128 St. Surrey BC V3W4E9 (Little India Plaza)
iccrc crcic



UNI GLOBAL IMMIGRATION
Consulting Services Ltd.
Your Dream......Our Passion
For all your Immigration Related Needs:
- Express Entry (PR)
- FSW, FST
- Canadian Experience Class
- LMIA & Work Permit
- PNP
- Spousal (Marriage) Sponsorship
- Business (Investor) Visa
- Study Visa
- Care-giver (Nanny)
- Visitor Visa
- Super Visa
- Citizenship Application
- Refusal Cases
- IEC

We also help employers in hiring temporary foreign workers (TFW). We help employers in each and every step of acquring Temporary Foreign Workers

Tel. : 604-338-4975
778-323-3141
#12387-75 Avenue Surrey, BC V3W 2S7
E-mail: contactuniglobal@gmail.com
RCIC CRIC

# ਅਮਰੀਕੀ ਅੰਤਰਰਾਸ਼ਟਰੀ ਧਾਰਮਿਕ ਆਜ਼ਾਦੀ ਕਮਿਸ਼ਨ ਨੇ ਭਾਰਤ ਵਿੱਚ ਸਿੱਖਾਂ ਨੂੰ ਨਿਸ਼ਾਨਾ ਬਣਾਉਣ ਅਤੇ ਧਾਰਮਿਕ ਅੱਤਿਆਚਾਰਾਂ ਦੇ ਵਧਣ ਕਾਰਨ ਭਾਰਤ ਤੇ ਪਾਬੰਦੀਆਂ ਦੀ ਮੰਗ ਕੀਤੀ

ਵਾਸ਼ਿੰਗਟਨ, ਡੀ.ਸੀ.: ਅਮਰੀਕੀ ਅੰਤਰਰਾਸ਼ਟਰੀ ਧਾਰਮਿਕ ਆਜ਼ਾਦੀ ਕਮਿਸ਼ਨ ਨੇ ਇੱਕ ਵਾਰ ਫਿਰ ਸਿਫ਼ਾਰਸ਼ ਕੀਤੀ ਹੈ ਕਿ ਭਾਰਤ ਵਿੱਚ ਸਿੱਖਾਂ, ਮੁਸਲਮਾਨਾਂ ਅਤੇ ਈਸਾਈਆਂ ਸਮੇਤ ਧਾਰਮਿਕ ਘੱਟ ਗਿਣਤੀਆਂ ਨੂੰ ਲਗਾਤਾਰ ਨਿਸ਼ਾਨਾ ਬਣਾਉਣ ਕਾਰਨ "ਖਾਸ ਚਿੰਤਾ ਦਾ ਦੇਸ਼" ਨਾਮਜ਼ਦ ਕੀਤਾ ਜਾਵੇ। 2025 ਦੀ ਸਾਲਾਨਾ ਰਿਪੋਰਟ ਘੱਟ ਗਿਣਤੀ ਭਾਈਚਾਰਿਆਂ ਵਿਰੁੱਧ ਸੰਪਰਦਾਇਕ ਨੀਤੀਆਂ, ਨਫ਼ਰਤ ਭਰੇ ਭਾਸ਼ਣ ਅਤੇ ਹਿੰਸਾ ਨੂੰ ਉਤਸ਼ਾਹਿਤ ਕਰਨ ਵਿੱਚ ਭਾਰਤ ਸਰਕਾਰ ਦੀ ਭੂਮਿਕਾ ਨੂੰ ਉਜਾਗਰ ਕਰਦੀ ਹੈ।ਰਿਪੋਰਟ ਵਿੱਚ ਧਾਰਮਿਕ ਅਤਿਆਚਾਰ ਦੇ ਕਈ ਮਾਮਲਿਆਂ ਦਾ ਹਵਾਲਾ ਦਿੱਤਾ ਗਿਆ ਹੈ, ਜਿਸ ਵਿੱਚ ਵਿਤਕਰੇ ਵਾਲੇ ਕਾਨੂੰਨ, ਗ੍ਰਿਫ਼ਤਾਰੀਆਂ ਅਤੇ ਹਿੰਸਕ ਹਮਲੇ ਸ਼ਾਮਲ ਹਨ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ "ਅਧਿਕਾਰੀਆਂ ਨੇ ਧਾਰਮਿਕ ਘੱਟ ਗਿਣਤੀਆਂ ਨੂੰ ਨਿਸ਼ਾਨਾ ਬਣਾਉਣ ਲਈ ਵਿਤਕਰੇ ਵਾਲੇ ਰਾਜ-ਪੱਧਰੀ ਧਰਮ ਪਰਿਵਰਤਨ ਵਿਰੋਧੀ ਕਾਨੂੰਨਾਂ ਅਤੇ ਗਊ ਹੱਤਿਆ ਕਾਨੂੰਨਾਂ ਦੀ ਵਰਤੋਂ ਕੀਤੀ।" ਸਿਰਫ਼ 2024 ਵਿੱਚ, ਭਾਰਤੀ ਰਾਜਾਂ ਨੇ ਧਾਰਮਿਕ ਧਰਮ ਪਰਿਵਰਤਨ ਨੂੰ ਅਪਰਾਧ ਬਣਾਉਣ ਅਤੇ ਘੱਟ ਗਿਣਤੀਆਂ ਲਈ ਕਾਨੂੰਨੀ ਪ੍ਰਕਿਰਿਆਵਾਂ ਨੂੰ ਮੁਸ਼ਕਲ ਬਣਾਉਣ ਵਾਲੇ ਵਾਧੂ ਧਰਮ ਪਰਿਵਰਤਨ ਵਿਰੋਧੀ ਕਾਨੂੰਨ ਪਾਸ ਕੀਤੇ।ਸਭ ਤੋਂ ਗੰਭੀਰ ਦੋਸ਼ਾਂ ਵਿੱਚੋਂ ਇੱਕ ਭਾਰਤ ਦਾ ਅੰਤਰਰਾਸ਼ਟਰੀ ਦਮਨ ਹੈ, ਜਿਸ ਵਿੱਚ ਅਮਰੀਕਾ ਵਿੱਚ ਇੱਕ ਸਿੱਖ ਕਾਰਕੁਨ ਵਿਰੁੱਧ ਕਤਲ ਦੀ ਸਾਜ਼ਿਸ਼ ਵਿੱਚ ਭਾਰਤੀ ਖੁਫੀਆ ਏਜੰਸੀ ਦੀ ਕਥਿਤ ਸ਼ਮੂਲੀਅਤ ਸ਼ਾਮਲ ਹੈ। "ਕੈਨੇਡੀਅਨ ਸਰਕਾਰ ਦੀ ਅੰਤਰਰਾਸ਼ਟਰੀ ਰਿਪੋਰਟਿੰਗ ਅਤੇ ਖੁਫੀਆ ਜਾਣਕਾਰੀ ਨੇ ਭਾਰਤ ਦੇ ਖੋਜ ਅਤੇ ਵਿਸ਼ਲੇਸ਼ਣ ਵਿੰਗ 'ਰਾਅ' ਦੇ ਇੱਕ ਅਧਿਕਾਰੀ ਨੂੰ 2023 ਵਿੱਚ ਨਿਊਯਾਰਕ ਵਿੱਚ ਇੱਕ ਅਮਰੀਕੀ ਸਿੱਖ ਕਾਰਕੁਨ ਦੀ ਹੱਤਿਆ ਦੀ ਕੋਸ਼ਿਸ਼ ਨਾਲ ਜੋੜਨ ਦੇ ਦੋਸ਼ਾਂ ਦੀ ਪੁਸ਼ਟੀ ਕੀਤੀ," ਰਿਪੋਰਟ ਵਿੱਚ ਕਿਹਾ ਗਿਆ ਹੈ।ਅਮਰੀਕੀ ਸਰਕਾਰ ਨੂੰ ਭਾਰਤੀ ਅਧਿਕਾਰੀਆਂ 'ਤੇ ਨਿਸ਼ਾਨਾਬੱਧ ਪਾਬੰਦੀਆਂ ਲਗਾਉਣ ਦੀ ਅਪੀਲ ਕੀਤੀ ਹੈ। ਰਿਪੋਰਟ ਵਿੱਚ ਸਿਫ਼ਾਰਸ਼ ਕੀਤੀ ਗਈ ਹੈ, "ਵਿਕਾਸ ਯਾਦਵ ਅਤੇ ਰਾਅ ਦੇ ਏਜੰਟਾਂ ਅਤੇ ਸੰਸਥਾਵਾਂ 'ਤੇ ਧਾਰਮਿਕ ਆਜ਼ਾਦੀ ਦੀ ਗੰਭੀਰ ਉਲੰਘਣਾ ਦੇ ਦੋਸ਼ੀ ਹੋਣ ਲਈ ਉਨ੍ਹਾਂ ਦੀਆਂ ਜਾਇਦਾਦਾਂ ਨੂੰ ਜ਼ਬਤ ਕਰਕੇ ਸੰਯੁਕਤ ਰਾਜ ਅਮਰੀਕਾ ਵਿੱਚ ਉਨ੍ਹਾਂ ਦੇ ਦਾਖਲੇ 'ਤੇ ਪਾਬੰਦੀ ਲਗਾਓ।" ਰਿਪੋਰਟ ਵਿੱਚ ਅਮਰੀਕੀ ਖੇਤਰਾਂ ਵਿੱਚ ਵਿਦੇਸ਼ੀ ਦਖਲਅੰਦਾਜ਼ੀ ਵਿਰੁੱਧ ਸਖ਼ਤ ਉਪਾਅ ਯਕੀਨੀ ਬਣਾਉਣ ਲਈ 2024 ਦੇ ਟ੍ਰਾਂਸਨੈਸ਼ਨਲ ਰਿਪ੍ਰੈਸ਼ਨ ਰਿਪੋਰਟਿੰਗ ਐਕਟ ਨੂੰ ਲਾਗੂ ਕਰਨ ਦੀ ਵੀ ਮੰਗ ਕੀਤੀ ਗਈ ਹੈ।

ਇਸ ਤੋਂ ਇਲਾਵਾ, ਕਾਂਗਰਸ ਨੂੰ ਭਾਰਤ ਨੂੰ ਹਥਿਆਰਾਂ ਦੀ ਵਿਕਰੀ, ਖਾਸ ਕਰਕੇ ਹਥਿਆਰ ਨਿਰਯਾਤ ਨਿਯੰਤਰਣ ਐਕਟ ਦੇ ਤਹਿਤ ਡਰੋਨਾਂ ਦੀ ਵਿਕਰੀ ਦਾ ਮੁੜ ਮੁਲਾਂਕਣ ਕਰਨ ਦੀ ਸਲਾਹ ਦਿੰਦਾ ਹੈ, ਇਸ ਚਿੰਤਾ ਦਾ ਹਵਾਲਾ ਦਿੰਦੇ ਹੋਏ ਕਿ ਅਜਿਹੀ ਫੌਜੀ ਸਹਾਇਤਾ "ਧਾਰਮਿਕ ਆਜ਼ਾਦੀ ਦੀ ਉਲੰਘਣਾ ਨੂੰ ਵਧਾ ਸਕਦੀ ਹੈ"।ਜਿਵੇਂ-ਜਿਵੇਂ ਅਮਰੀਕਾ-ਭਾਰਤ ਸਬੰਧ ਵਿਕਸਤ ਹੁੰਦੇ ਰਹਿੰਦੇ ਹਨ, ਵਾਸ਼ਿੰਗਟਨ 'ਤੇ ਭਾਰਤ ਦੇ ਵਿਗੜਦੇ ਮਨੁੱਖੀ ਅਧਿਕਾਰਾਂ ਦੇ ਰਿਕਾਰਡ ਨੂੰ ਹੱਲ ਕਰਨ ਲਈ ਦਬਾਅ ਵਧ ਰਿਹਾ ਹੈ, ਜਿਸ ਨਾਲ ਕੂਟਨੀਤਕ ਅਤੇ ਸੁਰੱਖਿਆ ਸਹਿਯੋਗ 'ਤੇ ਦਬਾਅ ਪੈ ਸਕਦਾ ਹੈ।

# ਕਾਲੀਆ ਦੇ ਘਰ 'ਤੇ ਗ੍ਰਨੇਡ ਹਮਲੇ 'ਚ ਦੋ ਫੜੇ

## ਪੁਲਿਸ ਦੇ ਆਪਸੀ ਗਰੁੱਪ ਕਾਰਣ ਹੋ ਰਹੇ ਹਨ ਧਮਾਕੇ:ਰਵਨੀਤ ਬਿੱਟੂ

ਜਲੰਧਰ:ਪੰਜਾਬ ਪੁਲਸ ਨੇ ਭਾਜਪਾ ਨੇਤਾ ਤੇ ਸਾਬਕਾ ਮੰਤਰੀ ਮਨੋਰੰਜਨ ਕਾਲੀਆ ਦੇ ਘਰ ਸੋਮਵਾਰ ਰਾਤ ਗ੍ਰਨੇਡ ਹਮਲੇ ਦੇ ਸੰਬੰਧ ਵਿਚ ਦੋ ਮੁਲਜ਼ਮਾਂ ਨੂੰ 12 ਘੰਟਿਆਂ ਤੋਂ ਵੀ ਘੱਟ ਸਮੇਂ ਵਿੱਚ ਗ੍ਰਿਫ਼ਤਾਰ ਕਰ ਲਿਆ ਹੈ। ਸਪੈਸ਼ਲ ਡੀ ਜੀ ਪੀ (ਕਾਨੂੰਨ ਅਤੇ ਵਿਵਸਥਾ) ਅਰਪਿਤ ਸ਼ੁਕਲਾ ਨੇ ਮੰਗਲਵਾਰ ਦੱਸਿਆ ਕਿ ਸ਼ੁਰੂਆਤੀ ਜਾਂਚ ਵਿੱਚ ਪਾਕਿਸਤਾਨ ਦੀ ਆਈ ਐੱਸ ਆਈ ਦੁਆਰਾ ਪੰਜਾਬ ਵਿੱਚ ਫਿਰਕੂ ਸਦਭਾਵਨਾ ਨੂੰ ਭੰਗ ਕਰਨ ਲਈ ਰਚੀ ਗਈ ਇੱਕ ਵੱਡੀ ਸਾਜ਼ਿਸ਼ ਦਾ ਖੁਲਾਸਾ ਹੋਇਆ ਹੈ। ਇਹ ਸਾਜ਼ਿਸ਼ ਗੈਂਗਸਟਰ ਲਾਰੈਂਸ ਬਿਸ਼ਨੋਈ ਅਤੇ ਪਾਕਿਸਤਾਨ ਸਥਿਤ ਆਈ ਐੱਸ ਆਈ- ਪ੍ਰਯੋਜਿਤ ਗੈਂਗਸਟਰ ਸ਼ਹਿਜ਼ਾਦ ਭੱਟੀ ਦੇ ਨਜ਼ਦੀਕੀ ਸਾਥੀ ਜ਼ੀਸ਼ਾਨ ਅਖਤਰ ਦੁਆਰਾ ਰਚੀ ਗਈ ਸੀ। ਉਨ੍ਹਾਂ ਮੁਲਜ਼ਮਾਂ ਦੇ ਪਾਕਿਸਤਾਨ ਸਥਿਤ ਬੱਬਰ ਖਾਲਸਾ ਇੰਟਰਨੈਸ਼ਨਲ (ਬੀ ਕੇ ਆਈ) ਦੇ ਮਾਸਟਰਮਾਈਂਡ ਹਰਵਿੰਦਰ ਸਿੰਘ ਉਰਫ਼ ਰਿੰਦਾ ਅਤੇ ਗੈਂਗਸਟਰ ਹੈਪੀ ਪਾਸੀਆਂ ਨਾਲ ਸੰਭਾਵਤ ਸਬੰਧਾਂ ਨੂੰ ਰੱਦ ਨਹੀਂ ਕੀਤਾ।ਮਨੋਰੰਜਨ ਕਾਲੀਆ ਦੇ ਘਰ ਪਹੁੰਚੇ ਕੇਂਦਰੀ ਮੰਤਰੀ ਰਵਨੀਤ ਬਿੱਟੂ ਨੇ ਕਿਹਾ ਕਿ ਇਹ ਨਸ਼ਾ ਤਸਕਰਾਂ ਦਾ ਕੰਮ ਨਹੀਂ ਹੋ ਸਕਦਾ। ਕਿਸੇ ਲਈ ਵੀ ਬੈਗ ਵਿੱਚ ਗ੍ਰਨੇਡ ਰੱਖਣਾ ਅਤੇ ਇਸ ਨੂੰ ਕਿਤੇ ਵੀ ਸੁੱਟਣਾ ਸੰਭਵ ਨਹੀਂ ਹੈ। ਬਿੱਟੂ ਨੇ ਸੰਕੇਤ ਦਿੱਤਾ ਕਿ ਇਹ ਪੰਜਾਬ ਵਿੱਚ ਦੋ ਪੁਲਸ ਲਾਬੀਆਂ ਦਰਮਿਆਨ ਗੁੱਟਬਾਜ਼ੀ ਕਾਰਨ ਵੀ ਹੋ ਸਕਦਾ ਹੈ। ਉਨ੍ਹਾ ਕਿਹਾ, "ਜਦੋਂ ਕਿ ਇੱਕ ਲਾਬੀ ਆਮ ਆਦਮੀ ਪਾਰਟੀ ਦੀ ਦਿੱਲੀ ਟੀਮ ਦੇ ਇਸ਼ਾਰੇ 'ਤੇ ਕੰਮ ਕਰ ਰਹੀ ਹੈ, ਦੂਜੀ ਟੀਮ ਪੰਜਾਬ ਟੀਮ ਲਈ ਕੰਮ ਕਰ ਰਹੀ ਹੈ। ਦੋਵੇਂ ਪੁਲਸ ਟੀਮਾਂ ਇਕ-ਦੂਜੇ ਨੂੰ ਨੀਵਾਂ ਦਿਖਾਉਣ ਲਈ ਕੰਮ ਕਰ ਰਹੀਆਂ ਹਨ।ਹਾਲ ਹੀ ਵਿੱਚ ਇੱਕ ਆਈ ਪੀ ਐੱਸ ਅਧਿਕਾਰੀ ਦਾ ਕਥਿਤ ਆਡੀਓ ਲੀਕ ਹੋਣ ਦੀ ਘਟਨਾ ਵੀ ਵਾਪਰੀ ਹੈ, ਜਿਸ ਦੀ ਜਾਂਚ ਕਰਨ ਦੀ ਲੋੜ ਹੈ।


HI-PEAK Railing & Gates Ltd.
Commercial & Residential





*Aluminium *Picket Railing *Glass Railing
*Driveway Gates *Window Security Bars
*Patio Covers *Aluminium Steps

ਐਲੂਮਿਨੀਅਮ: *ਪਿਕੇਟ ਰੇਲਿੰਗ *ਸ਼ੀਸ਼ੇ ਦੀ ਰੇਲਿੰਗ
*ਡਰਾਈਵਵੇਅ ਗੇਟਸ *ਵਿੰਡੋ ਸਕਿਓਰਟੀ ਬਾਰਸ
*ਪੈਟੀਓ ਕਵਰ *ਐਲੂਮਿਨੀਅਮ ਦੀਆਂ ਪੌੜੀਆਂ



CONSUMER CHOICE AWARD BUSINESS EXCELLENCE

ਤਸੱਲੀਬਖਸ਼ ਸੇਵਾਵਾਂ ਅਤੇ ਵਧੀਆ ਰੇਟ ਲੈਣ ਸੰਪਰਕ ਕਰੋ

Hi Peak Railings and Gates | Consumer Choice Award Abbotsford 2023

Call for more Info: Ravi Singh
778-242-6974
info@hipeakrailing.com www.hipeakrailing.com
703 Clearbrook Road, Abbotsford, BC V2T 5X1



ਗੁਰਦੁਆਰਾ ਗੁਰਸਾਗਰ ਮਸਤੂਆਣਾ ਸਾਹਿਬ
11267-125A St, Surrey, BC

ਇਸ ਹਫਤੇ ਦੇ ਪ੍ਰੋਗਰਾਮ

*9 ਅਪ੍ਰੈਲ ਦਿਨ ਬੁੱਧਵਾਰ ਅਖੰਡਪਾਠ ਸਾਹਿਬ ਆਰੰਭ ਹੋਣਗੇ।
*11 ਅਪ੍ਰੈਲ ਦਿਨ ਸ਼ੁੱਕਰਵਾਰ ਸਵੇਰੇ ਅਖੰਡਪਾਠ ਸਾਹਿਬ ਦੇ ਭੋਗ ਪਾਏ ਜਾਣਗੇ।
*11 ਅਪ੍ਰੈਲ ਦਿਨ ਸ਼ੁੱਕਰਵਾਰ 3 ਪਰਿਵਾਰਾਂ ਵੱਲੋਂ ਅਖੰਡਪਾਠ ਸਾਹਿਬ ਆਰੰਭ ਹੋਣਗੇ:
1)ਸੰਘੇੜਾ ਪਰਿਵਾਰ 2)ਪਨੇਸਰ ਪਰਿਵਾਰ 3)ਚੱਠਾ ਪਰਿਵਾਰ
*13 ਅਪ੍ਰੈਲ ਦਿਨ ਐਤਵਾਰ ਅਖੰਡਪਾਠ ਸਾਹਿਬ ਦੇ ਭੋਗ ਪਾਏ ਜਾਣਗੇ।ਉਪਰੰਤ ਹਫਤਾਵਾਰੀ ਦੀਵਾਨ ਸਜਾਏ ਜਾਣਗੇ।
ਨੋਟ:ਸੰਗਤਾਂ ਨੂੰ ਇਹ ਜਾਣ ਕੇ ਖੁਸ਼ੀ ਹੋਵੇਗੀ ਕਿ ਗੁਰੂਘਰ ਤੋਂ ਲਾਈਵ ਪ੍ਰੋਗਰਾਮ 'ਸਾਂਝਾ ਟੀਵੀ' ਤੇ ਸ਼ੁਰੂ ਹੋ ਗਏ ਹਨ।








ਰਾਗੀ ਜੱਥਾ
ਭਾਈ ਗੁਰਧਿਆਨ ਸਿੰਘ
ਸੰਗਰੂਰ ਵਾਲੇ

ਕਥਾਵਾਚਕ
ਗਿਆਨੀ ਮਨਜੀਤ ਸਿੰਘ
ਮਸਤਾਨਾ

ਤਬਲਾ ਸਿੱਖਣ ਲਈ ਸੰਪਰਕ ਕਰੋ:
604-413-7171

ਗੁਰੂਘਰ ਵਿਖੇ ਤਬਲਾ, ਕੀਰਤਨ ਅਤੇ ਗੁਰਬਾਣੀ ਸੰਥਿਆ ਦੀਆਂ ਕਲਾਸਾਂ ਸ਼ੁਰੂ ਹਨ

ਪ੍ਰੋਗਰਾਮ ਬੁਕਿੰਗ ਲਈ ਸੰਪਰਕ ਕਰ ਸਕਦੇ ਹੋ: ਗੁਰਦੁਆਰਾ ਸਾਹਿਬ:604-413-7171
ਗਿ. ਮਹਿੰਦਰ ਸਿੰਘ ਮਹਿਸੰਮਪੁਰ:778-713-5121 ਗਿ. ਬਲਦੇਵ ਸਿੰਘ:604-719-2007

ਰੋਜਾਨਾ ਦੇ ਪ੍ਰੋਗਰਾਮ

ਸਵੇਰੇ

5 ਵਜੇ ਸਵੇਰੇ:ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼
5:15-6:15 ਵਜੇ ਤੱਕ :ਪੰਜ ਬਾਣੀਆਂ ਦੇ ਨਿਤਨੇਮ
6.30 -8 ਵਜੇ ਤੱਕ: ਆਸਾ ਜੀ ਦੀ ਵਾਰ ਦੇ ਕੀਰਤਨ
8-8:30 ਵਜੇ ਤੱਕ: ਕਥਾ ਹੁਕਮਨਾਮਾ
8:30-10 ਵਜੇ ਤੱਕ: ਕੀਰਤਨ ਅਤੇ ਸਮਾਪਤੀ

ਸ਼ਾਮ

6-6.30 ਵਜੇ ਤੱਕ:ਪਾਠ ਸੋਦਰ
6:30 -8 ਵਜੇ ਤੱਕ:ਗੁਰਬਾਣੀ ਕੀਰਤਨ ਅਤੇ ਸਮਾਪਤੀ

# ਲੱਖਾਂ ਪੁਰਾਣੇ ਟਾਇਰ ਯੂਕੇ ਤੋਂ ਭਾਰਤ ਵਿੱਚ ਭੱਠੀਆਂ ਵਿੱਚ ਜਲਾਏ ਜਾ ਰਹੇ ਹਨ:ਲੋਕਾਂ ਦੀ ਸਿਹਤ ਨਾਲ ਖਿਲਵਾੜ

ਨਵੀਂ ਦਿੱਲੀ:-ਬੀਬੀਸੀ ਨੇ ਖੋਜ ਕੀਤੀ ਹੈ ਕਿ ਯੂਕੇ ਤੋਂ ਭਾਰਤ ਨੂੰ ਰੀਸਾਈਕਲਿੰਗ ਲਈ ਭੇਜੇ ਜਾ ਰਹੇ ਲੱਖਾਂ ਟਾਇਰ ਅਸਲ ਵਿੱਚ ਭੱਠੀਆਂ ਵਿੱਚ "ਪਿਘਲਾਏ" ਜਾ ਰਹੇ ਹਨ ਜਿਸ ਨਾਲ ਭਾਰਤੀ ਲੋਕਾਂ ਨੂੰ ਗੰਭੀਰ ਸਿਹਤ ਸਮੱਸਿਆਵਾਂ ਅਤੇ ਵਾਤਾਵਰਣ ਨੂੰ ਭਾਰੀ ਨੁਕਸਾਨ ਹੋ ਰਿਹਾ ਹੈ।ਪਰ ਸਰਕਾਰ ਇਧਰ ਧਿਆਨ ਨਹੀਂ ਦੇ ਰਹੀ।ਦੱਸਿਆ ਗਿਆ ਹੈ ਕਿ ਯੂਕੇ ਦੇ ਜ਼ਿਆਦਾਤਰ ਨਿਰਯਾਤ ਕੀਤੇ ਗਏ ਰਹਿੰਦ-ਖੂੰਹਦ ਟਾਇਰ ਭਾਰਤੀ ਕਾਲੇ ਬਾਜ਼ਾਰ ਵਿੱਚ ਵੇਚੇ ਜਾਂਦੇ ਹਨ।ਯੂਕੇ ਦੇ ਸਭ ਤੋਂ ਵੱਡੇ ਟਾਇਰ ਰੀਸਾਈਕਲਿੰਗ ਪਲਾਂਟਾਂ ਵਿੱਚੋਂ ਇੱਕ ਦੇ ਮਾਲਕ ਐਲੀਅਟ ਮੇਸਨ ਕਹਿੰਦੇ ਹਨ, "ਮੈਂ ਨਹੀਂ ਸੋਚਦਾ ਕਿ ਉਦਯੋਗ ਵਿੱਚ ਕੋਈ ਵੀ ਹੈ ਜੋ ਨਹੀਂ ਜਾਣਦਾ ਕਿ ਇਹ ਹੋ ਰਿਹਾ ਹੈ।"ਉਦਯੋਗ ਦੇ ਬਹੁਤ ਸਾਰੇ ਲੋਕ ਕਹਿੰਦੇ ਹਨ ਕਿ ਸਰਕਾਰ ਜਾਣਦੀ ਹੈ ਕਿ ਯੂਕੇ ਇਸ ਤਰੀਕੇ ਨਾਲ ਵਰਤੋਂ ਲਈ ਰਹਿੰਦ-ਖੂੰਹਦ ਟਾਇਰਾਂ ਨੂੰ ਭਾਰਤ ਨੂੰ ਭੇਜਣਾਂ ਸਭ ਤੋਂ ਭੈੜੇ ਅਪਰਾਧੀਆਂ ਵਿੱਚੋਂ ਇੱਕ ਹੈ।ਪਰ ਭਾਰਤ ਸਰਕਾਰ ਇਹ ਸਭ ਕੁਝ ਹੋਣ ਮਨਜੂਰ ਕਰ ਰਹੀ ਹੈ।1996 ਤੋਂ ਟਾਇਰਾਂ ਨੂੰ ਛੋਟੇ ਰਬੜ ਦੇ ਟੁਕੜਿਆਂ ਵਿੱਚ ਬਦਲਿਆ ਜਾਂਦਾ ਹੈ। ਰਬੜ ਦੇ ਟੁਕੜਿਆਂ ਨੂੰ ਅਕਸਰ ਘੋੜਸਵਾਰ ਕੇਂਦਰਾਂ ਅਤੇ ਬੱਚਿਆਂ ਦੇ ਖੇਡ ਦੇ ਮੈਦਾਨਾਂ ਲਈ ਫਰਸ਼ ਵਜੋਂ ਵਰਤਿਆ ਜਾਂਦਾ ਹੈ।ਭਾਰਤ ਵਿੱਚ ਇੱਕ ਵਾਤਾਵਰਣ ਵਕੀਲ ਨੇ ਬੀਬੀਸੀ ਨੂੰ ਦੱਸਿਆ ਕਿ ਭਾਰਤ ਵਿੱਚ 2,000 ਤੱਕ ਪਾਈਰੋਲਿਸਿਸ ਪਲਾਂਟ ਹਨ।ਕੁਝ ਅਧਿਕਾਰੀਆਂ ਦੁਆਰਾ ਲਾਇਸੰਸਸ਼ੁਦਾ ਹਨ ਪਰ ਲਗਭਗ ਅੱਧੇ ਬਿਨਾਂ ਲਾਇਸੈਂਸ ਵਾਲੇ ਹਨ ਅਤੇ ਇਸ ਲਈ ਗੈਰ-ਕਾਨੂੰਨੀ ਹਨ।ਮੁੰਬਈ ਦੇ ਬਾਹਰ ਵਾਡਾ ਵਿੱਚ ਅਸਥਾਈ ਪਲਾਂਟਾਂ ਦੇ ਇੱਕ ਵੱਖਰੇ ਸਮੂਹ ਵਿੱਚ, ਬੀਬੀਸੀ ਇੰਡੀਅਨ ਲੈਂਗੂਏਜਜ਼ ਦੀ ਇੱਕ ਟੀਮ ਨੇ ਸਾਈਟਾਂ ਦੇ ਆਲੇ ਦੁਆਲੇ ਕਾਲੀ ਧੂਏਂ ਦੀ ਸਤਹ, ਮਰ ਰਹੀ ਬਨਸਪਤੀ ਅਤੇ ਪ੍ਰਦੂਸ਼ਿਤ ਜਲ ਮਾਰਗ ਦੇਖੇ। ਪਿੰਡ ਵਾਸੀਆਂ ਨੇ ਲਗਾਤਾਰ ਖੰਘ ਅਤੇ ਅੱਖਾਂ ਦੀਆਂ ਸਮੱਸਿਆਵਾਂ ਦੀ ਸ਼ਿਕਾਇਤ ਕੀਤੀ।ਲੋਕ ਕਹਿੰਦੇ ਹਨ ਕਿ "ਅਸੀਂ ਚਾਹੁੰਦੇ ਹਾਂ ਕਿ ਇਹ ਕੰਪਨੀਆਂ ਸਾਡੇ ਪਿੰਡ ਤੋਂ ਚਲੇ ਜਾਣ," ਇੱਕ ਗਵਾਹ ਨੇ ਸਾਨੂੰ ਦੱਸਿਆ, "ਨਹੀਂ ਤਾਂ ਅਸੀਂ ਖੁੱਲ੍ਹ ਕੇ ਸਾਹ ਨਹੀਂ ਲੈ ਸਕਾਂਗੇ।"ਇੰਪੀਰੀਅਲ ਕਾਲਜ ਲੰਡਨ ਦੇ ਵਿਗਿਆਨੀਆਂ ਨੇ ਬੀਬੀਸੀ ਪਲਾਂਟ ਦੇ ਕਰਮਚਾਰੀਆਂ ਨੂੰ ਦੱਸਿਆ ਕਿ ਪਾਈਰੋਲਿਸਿਸ ਦੁਆਰਾ ਪੈਦਾ ਕੀਤੇ ਗਏ ਵਾਯੂਮੰਡਲ ਨਾਲ, ਸਾਹ, ਦਿਲ ਅਤੇ ਤੰਤੂ ਵਿਗਿਆਨ ਸੰਬੰਧੀ ਬਿਮਾਰੀਆਂ ਅਤੇ ਕੁਝ ਕਿਸਮਾਂ ਦੇ ਕੈਂਸਰ ਹੋ ਰਿਹਾ ਹੈ।

## ਭਾਜਪਾ ਰਾਜ ਦਾ ਕਮਾਲ!
## ਮਾਲੇਗਾਓਂ ਧਮਾਕਾ ਕੇਸ ਸੁਣ ਰਹੇ ਜੱਜ ਦਾ ਤਬਾਦਲਾ

ਮੁੰਬਈ:2008 ਮਾਲੇਗਾਓਂ ਧਮਾਕਾ ਕੇਸ ਦੀ ਸੁਣਵਾਈ ਕਰ ਰਹੇ ਵਿਸ਼ੇਸ਼ ਐੱਨ ਆਈ ਏ ਕੋਰਟ ਦੇ ਜੱਜ ਏ ਕੇ ਲਾਹੋਟੀ ਨੂੰ ਨਾਸਿਕ ਤਬਦੀਲ ਕਰ ਦਿੱਤਾ ਗਿਆ ਹੈ।ਉਨ੍ਹਾਂ ਨੂੰ ਜ਼ਿਲ੍ਹਾ ਜੱਜਾਂ ਦੇ ਸਾਲਾਨਾ ਆਮ ਤਬਾਦਲੇ ਤਹਿਤ ਅਜਿਹੇ ਮੌਕੇ ਬਦਲਿਆ ਗਿਆ ਹੈ ਜਦੋਂ ਕੋਰਟ ਇਸ ਮਾਮਲੇ ਵਿੱਚ ਅਗਲੇ ਦਿਨਾਂ ਵਿਚ ਫੈਸਲਾ ਰਾਖਵਾਂ ਰੱਖ ਸਕਦੀ ਹੈ। ਚੇਤੇ ਰਹੇ ਕਿ ਉੱਤਰੀ ਮਹਾਰਾਸ਼ਟਰ ਦੇ ਨਾਸਿਕ ਜ਼ਿਲ੍ਹੇ ਵਿੱਚ ਮੁੰਬਈ ਤੋਂ ਲੱਗਭੱਗ 200 ਕਿਲੋਮੀਟਰ ਦੂਰ ਸਥਿਤ ਕਸਬੇ ਮਾਲੇਗਾਓਂ ਵਿੱਚ 29 ਸਤੰਬਰ, 2008 ਨੂੰ ਇੱਕ ਮਸਜਿਦ ਨੇੜੇ ਮੋਟਰਸਾਈਕਲ 'ਤੇ ਬੰਨ੍ਹੇ ਹੋਏ ਵਿਸਫੋਟਕ ਯੰਤਰ ਦੇ ਫਟਣ ਨਾਲ 6 ਲੋਕ ਮਾਰੇ ਗਏ ਸਨ ਅਤੇ 100 ਤੋਂ ਵੱਧ ਜ਼ਖਮੀ ਹੋ ਗਏ ਸਨ।ਭਾਜਪਾ ਆਗੂ ਪ੍ਰਗਿਆ ਠਾਕੁਰ, ਲੈਫਟੀਨੈਂਟ ਕਰਨਲ ਪ੍ਰਸਾਦ ਪੁਰੋਹਿਤ ਅਤੇ ਪੰਜ ਹੋਰਾਂ 'ਤੇ ਇਸ ਮਾਮਲੇ ਵਿੱਚ ਕਥਿਤ ਸ਼ਮੂਲੀਅਤ ਲਈ ਸਖ਼ਤ ਗੈਰ-ਕਾਨੂੰਨੀ ਸਰਗਰਮੀਆਂ ਰੋਕੂ ਐਕਟ ਅਤੇ ਆਈ ਪੀ ਸੀ ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਮੁਕੱਦਮਾ ਚਲਾਇਆ ਜਾ ਰਿਹਾ ਹੈ। ਇਸ ਮਾਮਲੇ ਦੀ ਜਾਂਚ ਸ਼ੁਰੂ ਵਿੱਚ ਮਹਾਰਾਸ਼ਟਰ ਅੱਤਵਾਦ ਵਿਰੋਧੀ ਦਸਤੇ ਵੱਲੋਂ ਕੀਤੀ ਗਈ ਸੀ ਅਤੇ 2011 ਵਿੱਚ ਇਹ ਕੇਸ ਕੌਮੀ ਜਾਂਚ ਏਜੰਸੀ (ਐੱਨ ਆਈ ਏ) ਨੂੰ ਤਬਦੀਲ ਕਰ ਦਿੱਤਾ ਗਿਆ ਸੀ।




ਭੁਪਿੰਦਰ ਸਿੰਘ ਗਿੱਲ:604-897-5750

THANDI AUTO CARE CENTRE LTD

WE DO REPAIR OF ALL MAKES & MODELS

- General Repairs
- Transmission- Brakes
- Tune Ups - Mufflers
- Electrical Problems
-We also do Diesel Repairs

ਅਸੀ ਹਰ ਤਰਾਂ ਦੀਆਂ ਡੋਮੇਸਟਿਕ ਅਤੇ ਇਨਪੋਟੀਡ ਕਾਰਾਂ ਅਤੇ ਵੈਨਾਂ ਦੀ ਰੀਪੇਅਰ ਕਰਦੇ ਹਾਂ





Bhupinder Singh Thandi
Certified Auto Mechanic
604.503.0713
Fax:604.503.0712
Harp_t@hotmail.com

#106-12465 82 Ave , Surrey BC

TMG LOGISTICS INC.

Need Owner Operators

*Vancouver to California *California to Alberta Back Vancouver
*Vancouver to East USA Return

NOW HIRING

Good Paying Loads



Need Company Drivers
*Single Driver Pay 52cents/mile*
*Team Drivers 32 cents/mile*

FOR MORE INFORMATION CALL AT:

(604) 598-3680 Fax: 604-596-3681 Cell: 778-838-3680

#121-13140-80Ave Surrey, BC V3W 3B2

# ਅਮਰੀਕਾ ਵਿਚ ਈਮੇਲ ਭੇਜ ਕੇ ਸੈਂਕੜੇ ਵਿਦੇਸ਼ੀ ਵਿਦਿਆਰਥੀਆਂ ਦੇ 6-1 ਵੀਜ਼ੇ ਕੀਤੇ ਰੱਦ, ਕਈ ਭਾਰਤੀ ਵੀ ਸ਼ਾਮਲ

ਵਾਸ਼ਿੰਗਟਨ:ਅਮਰੀਕਾ ਵਿਚ ਪੜ੍ਹ ਰਹੇ ਸੈਂਕੜੇ ਵਿਦੇਸ਼ੀ ਵਿਦਿਆਰਥੀਆਂ ਨੂੰ ਅਚਾਨਕ ਉਨ੍ਹਾਂ ਦੇ 6-1 ਵੀਜ਼ਾ ਯਾਨੀ ਕਿ ਵਿਦਿਆਰਥੀ ਵੀਜ਼ਾ ਰੱਦ ਕਰਨ ਸਬੰਧੀ ਇਕ ਈਮੇਲ ਪ੍ਰਾਪਤ ਹੋਈ ਹੈ। ਇਹ ਈ-ਮੇਲ ਅਮਰੀਕੀ ਵਿਦੇਸ਼ ਵਿਭਾਗ ਦੁਆਰਾ ਮਾਰਚ ਦੇ ਆਖ਼ਰੀ ਹਫ਼ਤੇ ਭੇਜੀ ਗਈ ਹੈ। ਇਹ ਈ-ਮੇਲ ਉਨ੍ਹਾਂ ਵਿਦਿਆਰਥੀਆਂ ਨੂੰ ਭੇਜੀ ਗਈ ਹੈ ਜੋ ਕੈਂਪਸ ਐਕਟੀਵਿਜ਼ਮ ਯਾਨੀ ਕੈਂਪਸ ਵਿਚ ਹੋ ਰਹੇ ਪ੍ਰਦਰਸ਼ਨਾਂ ਵਿਚ ਸ਼ਾਮਲ ਸਨ। ਰਿਪੋਰਟਾਂ ਦੇ ਅਨੁਸਾਰ, ਅਜਿਹੇ ਈ-ਮੇਲ ਉਨ੍ਹਾਂ ਵਿਦਿਆਰਥੀਆਂ ਨੂੰ ਵੀ ਭੇਜੇ ਗਏ ਹਨ, ਜੋ ਭਾਵੇਂ ਕੈਂਪਸ ਸਰਗਰਮੀ ਵਿਚ ਸ਼ਾਮਲ ਨਹੀਂ ਸਨ, ਪਰ ਸੋਸ਼ਲ ਮੀਡੀਆ ਤੇ ਇਜ਼ਰਾਈਲ ਵਿਰੋਧੀ ਪੋਸਟਾਂ ਨੂੰ ਸਾਂਝਾ, ਪਸੰਦ ਜਾਂ ਟਿੱਪਣੀ ਕਰਦੇ ਸਨ। ਈ-ਮੇਲ ਵਿਚ ਕਿਹਾ ਗਿਆ ਸੀ ਕਿ ਵਿਦਿਆਰਥੀਆਂ ਦੇ 6-1 ਵੀਜ਼ੇ ਰੱਦ ਕਰ ਦਿਤੇ ਗਏ ਹਨ। ਵਿਦਿਆਰਥੀਆਂ ਨੂੰ ਦੇਸ਼ ਨਿਕਾਲਾ ਦਿੰਦੇ ਹੋਏ ਅਪਣੇ ਆਪ ਅਮਰੀਕਾ ਛੱਡਣ ਲਈ ਕਿਹਾ ਗਿਆ ਹੈ। ਅਜਿਹਾ ਨਾ ਕਰਨ 'ਤੇ ਉਨ੍ਹਾਂ ਨੂੰ ਕਾਨੂੰਨੀ ਕਾਰਵਾਈ ਦਾ ਸਾਹਮਣਾ ਕਰਨ ਦੀ ਚੇਤਾਵਨੀ ਵੀ ਦਿਤੀ ਗਈ ਹੈ। ਅਮਰੀਕੀ ਸਰਕਾਰ 19 ਨਾਲ 'ਕੈਚ ਐਂਡ ਰਿਵੋਕ' ਐਪ ਦੀ ਮਦਦ ਨਾਲ ਅਜਿਹੇ ਵਿਦਿਆਰਥੀਆਂ ਦੀ ਪਛਾਣ ਕਰ ਰਹੀ ਹੈ। ਵਿਦੇਸ਼ ਮੰਤਰੀ ਮਾਰਕੋ ਰੂਬੀਉ ਦੇ ਅਨੁਸਾਰ, 26 ਮਾਰਚ ਤਕ, 300 ਤੋਂ ਵੱਧ 'ਹਮਾਸ-ਸਮਰਥਕ' ਵਿਦਿਆਰਥੀਆਂ ਦੇ 6-1 ਵੀਜ਼ੇ ਰੱਦ ਕਰ ਦਿਤੇ ਗਏ ਸਨ। ਇਸ ਵਿਚ ਬਹੁਤ ਸਾਰੇ ਭਾਰਤੀ ਵਿਦਿਆਰਥੀ ਵੀ ਸ਼ਾਮਲ ਹਨ।


FARM MORTGAGE SPECIALIST

Please Call:

SARBJIT DUBB, AMP

Mortgage Consultant

604-780-4497

Verico A.K. Mortgage Plus Inc.

AK Mortgage Professional Mortgage Consultants Plus

A.K. Mortgage Plus
103-7337-137th St., Surrey
604.501.7700 • 604.780.4497
Email: Sarbjit@mtg-plus.com
www.DubbMortgages.ca

*Rates are subject to change. O.A.C. Some Conditions Apply. VERICO A.K. MORTGAGE PLUS INC

5 YEAR FIXED

3.95 %*

Insured Only

QUICK & EASY APPROVALS





A TO Z DRIVING SCHOOL

ਲਰਨਿੰਗ ਲਾਇਸੈਂਸ

ਕਾਰ, ਟਰੱਕ/ ਮੋਟਰਸਾਈਕਲ
ਟੈਕਸੀ ਜਾਂ ਏਅਰ ਬਰੇਕ ਦਾ ਲਾਇਸੈਂਸ
ਪੰਜਾਬੀ ਵਿਚ ਲੈਣ ਲਈ ਸੰਪਰਕ ਕਰੋ

- ਲੇਡੀਜ਼ ਵਾਸਤੇ ਸੁਨਹਿਰੀ ਮੌਕਾ, ਹੁਣ ਤੁਸੀਂ ਕਾਰ ਦੀ ਤਰ੍ਹਾਂ ਬਿਨਾ ਗੇਅਰਾਂ ਤੋਂ ਕਲਾਸ 1 ਦਾ ਲਾਇਸੈਂਸ ਲੈ ਸਕਦੇ ਹੋ
- ਜੇ ਟਰੱਕ ਦਾ ਲਾਇਸੈਂਸ ਲੈਣਾ ਚਾਹੁੰਦੇ ਹੋ ਪਰ ਅੰਗਰੇਜ਼ੀ ਨਹੀਂ ਆਉਂਦੀ ਜਾਂ ਘੱਟ ਆਉਂਦੀ ਹੈ ਬੁੱਕ ਦੇਖ ਕੇ ਘਬਰਾ ਜਾਂਦੇ ਹੋ ਤਾਂ ਡਰੋ ਨਾ, ਹੁਣੇ ਫੋਨ ਕਰੋ






ਅਸੀਂ ਸਿਟੀਜ਼ਨਸ਼ਿਪ, ਨੈਸ਼ਨਲ ਸੇਫਟੀ ਕੋਡ ਦੀਆਂ ਕਲਾਸਾਂ ਲਗਾਉਂਦੇ ਹਾਂ

WE DO:
*CITIZENSHIP CLASSES
*NATIONAL SAFETY CODE (NSC) CLASSES

A to Z DRIVING SCHOOL

Lucky: 604-614-5365

Unit 15 - 8388 128 St., Surrey



PACIFIC NURSERIES

ਬਲਿਊਬੇਰੀ (ਡਿਊਕ) ਅਤੇ ਸੀਡਰ ਹੈਜਿੰਗ ਪਲਾਂਟ ਵਿਕਾਊ





*Blueberry (Duke) Plants FOR SALE
*Certified Imported from USA
*Potted in One Gallon Pots
*High Quality & Healty Plants
*Limited Quantity
*Will Be Ready to Plant in September

*Cedar Hedging Plants FOR SALE
*Potted in One Gallon
*Very Healty & High Quality
*Will be Ready to Plant in September

ONLY FOR WHOLESALERS

TO BOOK YOUR ORDER CONTACT:

778-552-0305

# 'ਚਰਨ ਪਾਹੁਲ ਤੋਂ ਖੰਡੇ ਦੀ ਪਾਹੁਲ"
# ਵਿਸਾਖੀ 1469, ਵਿਸਾਖੀ 1699

•ਪ੍ਰਿੰਸੀਪਲ ਗਿਆਨੀ ਸੁਰਜੀਤ ਸਿੰਘ

ਸਿੱਖ ਇਤਿਹਾਸ ਦੇ ਇਹ ਤਿੰਨ ਮਹਤਵ ਪੂਰਨ ਦਿਹਾੜੇ ਹਨ, ਜਿਨ੍ਹਾਂ 'ਤੇ ਸਿੱਖ ਧਰਮ ਦੀ ਬੁਨਿਆਦ ਖੜੀ ਹੈ। ਇਸ ਲਈ ਕੁੱਝ ਇਤਿਹਾਸਕ ਤੱਥ ਸਾਹਮਣੇ ਆਉਣੇ ਅਤਿ ਜ਼ਰੂਰੀ ਹਨ।ਮੰਨਿਆ-ਪ੍ਰਮੰਨਿਆ ਸੱਚ ਹੈ, ਜਿਸ ਕੌਮ ਨੂੰ ਖਤਮ ਕਰਨਾ ਹੋਵੇ ਉਸ ਦੇ ਇਤਿਹਾਸ, ਰਹਿਣੀ, ਸਾਹਿਤ 'ਚ ਮਿਲਾਵਟ ਕਰ ਦੇਵੋ, ਕੌਮ ਆਪਣੇ ਆਪ ਖ਼ਤਮ ਜਾਵੇਗੀ। ਇਥੇ ਤਾਂ ਹੋਰ ਵੀ ਵੱਡਾ ਅਨਰਥ ਹੈ ਕਿ ਇਥੇ ਵਿਸਾਖੀ 1469 ਤੋਂ ਵਿਸਾਖੀ 1699 ਤੀਕ 230 ਸਾਲਾਂ ਦਾ ਪੂਰਾ ਇਤਿਹਾਸ ਮਿਟਾ ਕੇ, ਪ੍ਰਚਾਰ ਹੀ ਇਹੀ ਹੋ ਰਿਹਾ ਹੈ ਜਿਵੇਂ ਪਹਿਲੇ ਪਾਤਸ਼ਾਹ ਤੋਂ ਲੈ ਕੇ ਵਿਸਾਖੀ 1699 ਤੀਕ ਕੁੱਝ ਹੋਇਆ ਹੀ ਨਹੀਂ ਸੀ। ਮੰਨਿਆਂ ਜਾ ਰਿਹਾ ਹੈ-ਸਿੱਖ ਕੇਸਾਧਾਰੀ ਹੋਏ ਤਾਂ, ਕਕਾਰ ਧਾਰੀ ਹੋਏ ਤਾਂ, ਖੰਡੇ ਦੀ ਪਾਹੁਲ ਵਾਲੀ ਮਰਿਆਦਾ ਚਲੀ ਤਾਂ, ਨਿਤਨੇਮੀ ਹੋਏ ਤਾਂ- ਸਭ ਵਿਸਾਖੀ 1699 ਤੋਂ ਹੀ, ਉਪ੍ਰੰਤ ਗੁਰਬਾਣੀ ਗੁਰੂ ਵਾਲੀ ਗੱਲ ਵੀ ਕੇਵਲ ਸੰਨ 1708 ਤੋਂ ਹੀ ਹੈ।ਇਸੇ ਗ਼ਲਤ ਪ੍ਰਚਾਰ ਦਾ ਸਿੱਟਾ, ਅੱਜ ਸਿੱਖ ਆਪਣੀ ਜਨਮ-ਭੂਮੀ 'ਚ ਹੀ ਆਪਣੀ ਹੋਂਦ ਗੁਆਈ ਬੈਠਾ ਹੈ। ਲਗਭਗ 98% ਸਿੱਖ ਬੱਚੇ-ਬੱਚੀਆਂ ਤਾਂ ਆਪਣਾ ਸਰੂਪ ਤੀਕ ਤਿਆਗ ਚੁੱਕੇ ਹਨ। ਪੰਜਾਬ, ਜਿਸ ਨੇ ਸੰਸਾਰ ਤੱਲ 'ਤੇ ਨਮੂਨਾ ਬਣ ਕੇ ਉਭਰਣਾ ਸੀ ਉਥੇ ਸ਼ਰਾਬ, ਨਸ਼ੇ, ਲਿੰਗ ਭੇਦ, ਡੇਰੇ-ਗੁਰੂ ਡੰਮ, ਮੜ੍ਹੀ-ਕਬਰ ਪੂਜਾ ਆਦਿ ਦਾ ਹੜ ਆਇਆ ਪਿਆ ਹੈ।

ਵਿਸਾਖੀ ਸੰਨ 1469- ਗੁਰੂ ਨਾਨਕ ਪਾਤਸ਼ਾਹ ਦਾ ਪ੍ਰਕਾਸ਼ ਦਿਹਾੜਾ ਹੈ। ਆਪ ਜਮਾਂਦਰੂ ਗੁਰੂ ਹਨ। ਆਪ ਨੇ ਪ੍ਰਭੂ ਵਲੋਂ ਨਿਯਤ ਇਕੋ ਇੱਕ ਇਲਾਹੀ, ਰੱਬੀ, ਸਦੀਵੀ, ਸੱਚ ਧਰਮ ਨੂੰ; ਮਨੁੱਖ ਮਾਤ੍ਰ ਦੇ ਭਲੇ ਲਈ ਗੁਰਬਾਣੀ ਦੇ ਰੂਪ 'ਚ ਸੰਸਾਰ ਸਾਹਮਣੇ ਪ੍ਰਗਟ ਕੀਤਾ। ਇਸ ਦੇ ਲਈ ਆਪ ਨੇ ਦੇਸ਼-ਵਿਦੇਸ਼ (ਚੀਨ, ਬਰਮਾ, ਰੂਸ, ਬਗ਼ਦਾਦ, ਇਰਾਨ ਆਦਿ ਤੀਕ) ਪੁੱਜ ਕੇ ਸੰਸਾਰ ਤੱਲ'ਤੇ ਇਸ ਸੱਚ ਧਰਮ ਲਈ ਸੇਧ ਦਿੱਤੀ। ਹਜ਼ਾਰਾਂ ਸਾਲਾਂ ਤੋਂ ਧਰਮ ਦੇ ਨਾਮ ਹੇਠ ਕੀਤੇ ਜਾ ਰਹੇ ਪਾਖੰਡਾਂ-ਕਰਮਕਾਂਡਾ, ਲੋਕਾਈ ਦੀ ਹੋ ਰਹੀ ਲੁੱਟ-ਖੋਹ ਤੇ ਸ਼ੋਸ਼ਣ ਤੋਂ ਸੁਚੇਤ ਕੀਤਾ। ਧਾਰਮਿਕ ਆਗੂਆਂ ਰਾਹੀਂ ਇਸ 'ਉੱਤਮ' ਕੰਮ ਲਈ ਵਰਤੇ ਜਾ ਰਹੇ ਜੋਗੀ, ਸਨਿਆਸੀ, ਬੈਰਾਗੀ, ਸੰਤ, ਸਾਧ, ਭਗਤ ਆਦਿ ਧਾਰਮਿਕ ਭੇਖਾਂ ਦੀ ਸੂਰਮਤਾਈ ਨਾਲ ਪੋਲ ਖੋਲੀ। ਮਨੁੱਖ ਨੂੰ ਇਲਾਹੀ 'ਕੇਸਾਧਾਰੀ' ਸਰੂਪ'ਚ ਪ੍ਰਗਟ ਕੀਤਾ। ਇਸ ਦੇ ਨਾਲ ਕੇਸਾਂ ਦੀ ਸੰਭਾਲ-ਸਫ਼ਾਈ ਲਈ ਨਿੱਤ ਕੰਘੇ (ਲਕੜੀ ਦਾ) ਵਾਲਾ ਨਿਯਮ ਦਿੱਤਾ। ਸਨਾਤਨੀ ਪ੍ਰਵਾਰ 'ਚ ਪ੍ਰਗਟ ਹੋਣ ਦੇ ਬਾਵਜੂਦ, ਬ੍ਰਾਹਮਣੀ ਕਰਮਕਾਂਡਾ ਚੋਂ ਕੱਢਣ ਲਈ ਜੰਜੂ ਪਾਉਣ ਤੋਂ ਵੀ ਇਨਕਾਰ ਕੀਤਾ। ਚੂੰਕਿ ਬ੍ਰਾਹਮਣ ਦੇ ਸਾਰੇ ਸੰਸਕਾਰਾਂ, ਬਿਨਾ ਸਿਲਾਈ ਧੋਤੀ ਨਾਲ ਜ਼ਰੂਰੀ ਹਨ। ਇਸ ਵਿਰੁਧ ਸਿਖਾਂ ਨੂੰ ਸਿਲਾਈਆਂ ਨਾਲ ਭਰਪੂਰ ਰੇਬਦਾਰ ਕਛਿਹਰੇ ਵਾਲਾ ਨਿਯਮ ਬਖਸ਼ਿਆ ਤਾਕਿ ਸਿੱਖ ਬ੍ਰਾਹਮਣੀ ਕਰਮਕਾਂਡਾ ਦੇ ਜਾਲ 'ਚ ਨਾਂ ਫਸੇ। ਸਿੱਟਾ ਇਹ, ਸੰਪੂਰਣ ਕੇਸਾਧਾਰੀ ਸਰੂਪ, ਕੰਘੇ, ਕਛਿਹਰੇ, ਨਿਤਨੇਮ {ਬਾਣੀ ਜਪੁ, ਸ਼ਾਮਾਂ ਨੂੰ ਸੋਦਰ (ਇਕ ਸ਼ਬਦ), ਸੌਣ ਸਮੇਂ ਸੋਹਿਲਾ (ਇਕ ਸ਼ਬਦ)} ਤੇ ਗੁਰਬਾਣੀ ਗੁਰੂ ਵਾਲੇ ਨਿਯਮ ਪਹਿਲੇ ਜਾਮੇ ਸਮੇਂ ਹੀ ਸਿੱਖੀ ਜੀਵਨ ਦਾ ਅੰਗ ਬਣਾਏ। ਸਿੱਖੀ 'ਚ ਪ੍ਰਵੇਸ਼ ਲਈ 'ਚਰਣ ਪਾਹੁਲ' ਵਾਲਾ ਨਿਯਮ ਨੂੰ ਵੀ ਪਹਿਲੇ ਜਾਮੇ ਤੋਂ ਹੀ ਲਾਗੂ ਕੀਤਾ। ਇਸੇ ਨਿਯਮ ਨੂੰ ਵਿਸਾਖੀ 1699 ਦੇ ਦਿਨ ਦਸਮੇਸ਼ ਜੀ ਨੇ 'ਖੰਡੇ ਦੀ ਪਾਹੁਲ' ਅੰਮ੍ਰਿਤ ਛਕਣ) 'ਚ ਬਦਲਿਆ।

ਉਪ੍ਰੰਤ ਪੰਜਵੇਂ ਤੇ ਛੇਵੇਂ ਜਾਮੇ ਸਮੇਂ- ਪਾਤਸ਼ਾਹ ਦਾ ਤੱਤੀਆਂ ਤੱਵੀਆਂ 'ਤੇ ਬੈਠਣਾ, ਉਬਲਦੀਆਂ ਦੇਗ਼ਾ 'ਚ ਉਬਲਨਾ; ਇਸ ਤਰਾਂ ਆਪ ਦੀ ਤਸੀਹੇ ਭਰਪੂਰ ਸ਼ਹੀਦੀ ਗੁਰਬਾਣੀ ਦੀ ਵਿਸ਼ੁਧਤਾ (ਪੀਰੀ) ਨੂੰ ਕਾਇਮ ਰਖਣ ਲਈ ਹੀ ਸੀ। ਇਹ ਵਿਰੋਧੀਆਂ ਵਲੋਂ ਜ਼ੁਲਮ ਦਾ ਸ਼ਿਖਰ ਸੀ ਤੇ ਨਾਲ ਹੀ ਗੁਰਦੇਵ ਵਲੋਂ ਕੌਮ ਨੂੰ ਚੇਤਾਵਨੀ ਸੀ ਕਿ ਕੌਮ ਨੇ ਗੁਰਬਾਣੀ-ਗੁਰੂ ਦੀ ਵਿਸ਼ੁਧਤਾ ਨੂੰ ਕਾਇਮ ਰਖਣ ਲਈ ਵੱਡੀ ਤੋਂ ਵੱਡੀ ਕੁਰਬਾਨੀ ਲਈ ਵੀ ਸਦਾ ਤਿਆਰ ਰਹਿਣਾ ਹੈ। ਇਸੇ ਲੜੀ 'ਚ ਛੇਵੇਂ ਜਾਮੇ ਸਮੇਂ ਹਕੂਮਤ ਨਾਲ ਚਾਰ ਜੰਗਾਂ, ਆਪਣੇ ਬਚਾਅ ਲਈ ਜੰਗ ਤੇ ਇਲਾਹੀ ਨਿਸ਼ਾਨੇ ਵੱਲ ਵਧਣ ਤੇ ਸੱਚ ਧਰਮ ਦੀ ਰਾਖੀ ਲਈ ਕੌਮ ਨੂੰ ਸ਼ਸਤ੍ਰਧਾਰੀ (ਕ੍ਰਿਪਾਨ ਧਾਰੀ) ਵੀ ਕਰਣਾ ਸੀ। ਇਹੀ ਸੀ ਕੌਮ ਦਾ ਪੀਰੀ ਦੀ ਰਾਖੀ ਲਈ ਮੀਰੀ ਵੱਲ ਵਧਣਾ।

ਵਿਸਾਖੀ 1699- ਇਹ ਬਹੁਤ ਵੱਡਾ ਮੀਲ ਪੱਥਰ ਹੈ, ਸਿੱਖ ਇਤਿਹਾਸ ਦਾ। "ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥ ਇਤ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨ ਕੀਜੈ" (ਪੰ: 1412) ਅਨੁਸਾਰ ਸਿੱਖਾਂ ਦੀ ਜੋ ਤਿਆਰੀ ਪਹਿਲੇ ਜਾਮੇ ਤੋਂ ਕਰਵਾਈ ਜਾ ਰਹੀ ਸੀ, ਉਸੇ ਦਾ ਨਤੀਜਾ 1699 ਨੂੰ ਜਦੋਂ ਦਸਮੇਸ਼ ਜੀ ਨੇ ਨੰਗੀ ਤਲਵਾਰ ਦੀ ਧਾਰ 'ਤੇ ਪੰਥ ਦਾ ਇਮਤਿਹਾਨ ਲਿਆ ਤਾਂ ਪੰਥ ਵੀ ਗੁਰੂ ਦੇ ਯਕੀਨ'ਤੇ 100% ਪੂਰਾ ਉਤਰਿਆ। "ਗੁਰਿ ਚੇਲੇ ਰਹਰਾਸਿ ਕੀਈ ਨਾਨਕਿ ਸਲਾਮਤਿ ਥੀਵਦੈ॥ ਸਹਿ ਟਿਕਾ ਦਿਤੋਸੁ ਜੀਵਦੈ" (ਪੰ: 966) ਪਹਿਲੇ ਪਾਤਸ਼ਾਹ ਨੇ ਦੂਜੇ; ਦੂਜੇ ਨੇ ਤੀਜੇ ਤੇ ਦਰਜਾ ਬਦਰਜਾ-ਚਲਦੀ ਆ ਰਹੀ ਪ੍ਰੀਪਾਟੀ ਅਨੁਸਾਰ ਜਦੋਂ ਦਸਮੇਸ਼ ਜੀ ਨੇ ਗੁਰਬਾਣੀ 'ਜੁਗਤ' ਵਰਤਾਉਣ' ਵਾਲੀ ਜ਼ਿਮੇਵਾਰੀ 'ਪੰਜਾਂ' ਦੇ ਰੂਪ 'ਚ ਪੰਥ ਨੂੰ ਸੌਂਪ ਦਿੱਤੀ (ਪੰਥ ਸਾਜਿਆ) ਤਾਂ ਆਪ ਨੇ ਵੀ ਪੰਜਾਂ ਅੱਗੇ ਮੱਥਾ ਟੇਕ ਦਿੱਤਾ। ਉਸ ਸਮੇਂ ਸੰਗਤਾਂ ਲਈ ਇਹ ਨਵੀਂ ਰੀਤ ਨਹੀਂ ਸੀ, ਜਿਵੇਂ ਕਿ ਅੱਜ ਪ੍ਰਚਾਰ ਹੋ ਰਿਹਾ ਹੈ।"ਮਾਰਿਆ ਸਿਕਾ ਜਗਤ ਵਿਚ, ਨਾਨਕ ਨਿਰਮਲ ਪੰਥ ਚਲਾਇਆ" (ਭਾ: ਗੁ: ) ਇਹ ਵੀ ਗ਼ਲਤ ਹੈ ਕਿ ਦਸਮੇਸ਼ ਜੀ ਨੇ ਕਿਸੇ ਨਵੇਂ ਪੰਥ ਨੂੰ ਚਲਾਇਆ। ਪੰਥ ਤਾਂ ਪਹਿਲੇ ਜਾਮੇ ਤੋਂ ਹੀ ਚਲਾਇਆ ਜਾ ਚੁੱਕਾ ਸੀ। ਇਸੇ ਕਰਕੇ ਪਹਿਲੇ ਪੰਜਾਂ ਲਈ 'ਖੰਡੇ ਦੀ ਪਾਹੁਲ' ਦਾ ਬਾਟਾ ਕਿਸੇ ਪੰਜਾਂ ਨੇ ਨਹੀਂ, ਦਸਮੇਸ਼ ਜੀ ਨੇ ਇਕਲਿਆਂ ਤਿਆਰ ਕੀਤਾ ਤੇ ਛੱਕਾਇਆ ਵੀ ਇਕਲਿਆਂ ਹੀ। ਉਸੋਂ ਤਾਂ ਕੇਵਲ'ਚਰਨ ਪਾਹੁਲ' ਵਾਲੇ ਪਹਿਲੇ ਜਾਮੇਂ ਤੋਂ ਹੀ ਚਲਦੇ ਆ ਰਹੇ ਢੰਗ ਨੂੰ ਬਦਲਿਆ 'ਖੰਡੇ ਦੀ ਪਾਹੁਲ' 'ਚ ਬਦਲਿਆ। ਉਪ੍ਰੰਤ ਦਸਮੇਸ਼ ਜੀ ਨੇ ਪੰਜਾਂ ਤੋਂ ਪਾਹੁਲ ਲਈ ਪਰ ਕਿਉਂ? ਕਿਉਂਕਿ ਜਦੋਂ ਪਾਤਸ਼ਾਹ ਨੇ'ਚਰਣ ਪਾਹੁਲ' ਨੂੰ 'ਖੰਡੇ ਦੀ ਪਾਹੁਲ''ਚ ਬਦਲਿਆ ਤਾਂ ਕੌਮ ਨੂੰ ਨਵੇਂ ਸਿਰਿਓਂ 'ਪਾਹੁਲ' ਲਈ ਹੁਕਮ ਕੀਤਾ ਜਿਸਦਾ ਆਰੰਭ ਵੀ ਆਪਣੇ, ਅਪਣੇ ਆਪ ਤੋਂ ਕੀਤਾ। ਵਿਸਾਖੀ 1699 ਨੂੰ ਹੀ ਨਾਵਾਂ ਨਾਲ ਸਿੰਘ-ਕੌਰ ਜੋੜ ਕੇ ਪੰਥ ਨੂੰ ਪ੍ਰਵਾਰਕ ਰੂਪ ਬਖਸ਼ਿਆ। ਗੋਬਿੰਦ ਰਾਇ ਤੋਂ ਗੋਬਿੰਦ ਸਿੰਘ-ਭਾਵ ਦਾ ਆਰੰਭ ਵੀ ਪਾਤਸ਼ਾਹ ਨੇ ਆਪਣੇ ਆਪ ਤੋਂ ਹੀ ਕੀਤਾ ਤੇ ਕੌਮ ਨੂੰ ਜਾਤਾਂ-ਗੋਤਾਂ ਵਾਲੇ ਕੋੜ੍ਹ 'ਚੋਂ ਕਢਿਆ ਪਰ ਅੱਜ ਅਸੀਂ ਕਿੱਥੇ ਖੜੇ ਹਾਂ? ਚੂੰਕਿ ਵਿਸਾਖੀ 1699 ਤੀਕ ਪੰਥ 'ਸੰਪੂਰਣ ਕੇਸਾਧਾਰੀ' 'ਕੰਘਾ- 'ਕਛਿਹਾਰਧਾਰੀ' 'ਨਿੱਤਨੇਮੀ' ਤਾਂ ਚਲਦਾ ਹੀ ਆ ਰਿਹਾ ਸੀ। ਇਹੀ ਕਾਰਨ ਸੀ ਕਿ ਕੇਵਲ ਢੰਗ ਬਦਲਣ'ਤੇ ਹੀ ਪਹਿਲੀਆਂ ਪੰਕਤਾ 'ਚ 80, 000 ਪ੍ਰਾਣੀਆਂ ਨੇ 'ਖੰਡੇ ਦੀ ਪਾਹੁਲ' ਲਈ। ਨਹੀਂ ਤਾਂ, ਸੁੱਤੇ ਸਿੱਧ ਨਸ਼ਿਆਂ-ਵਿਭਚਾਰ ਦਾ ਤਿਆਗ ਤੇ ਅਚਾਨਕ ਕੇਸਾਧਾਰੀ, ਕਕਾਰਧਾਰੀ ਹੋ ਜਾਣਾ ਸੰਭਵ ਹੀ ਨਹੀਂ ਸੀ। ਸੰਸਾਰ ਦੇ ਇਤਿਹਾਸ'ਚ ਕੇਸਾਧਾਰੀਆਂ ਦਾ ਇਹ ਸਭ ਤੋਂ ਵੱਡਾ ਤੇ ਪਹਿਲਾ ਇੱਕਠ ਸੀ। ਇਸੇ ਤੋਂ ਧਰਤੀ ਨੂੰ 'ਕੇਸਗੜ੍ਹ' ਦਾ ਨਾਮ ਮਿਲਿਆ। ਇਸੇ ਤਰ੍ਹਾਂ ਸਿਰਾਂ ਦੀ ਮੰਗ ਸਮੇਂ ਵੀ ਨਿੱਤਨੇਮੀ ਜਾਂ ਕੇਸਾਧਾਰੀ ਹੋਣਾ ਉੱਕਾ ਸ਼ਰਤ ਨਹੀਂ ਸੀ। ਫਿਰ ਵੀ ਪਹਿਲੇ ਨਿੱਤਰਣ ਵਾਲੇ ਪੰਜੇ ਕੇਸਾਧਾਰੀ ਤੇ ਨਿੱਤਨੇਮੀ ਵੀ ਸਨ। ਕੌਮ ਦਾ ਪਹਿਲਾਂ ਤੋਂ ਸ਼ਸਤ੍ਰਧਾਰੀ ਹੋਣ ਦਾ ਇੱਕ ਹੋਰ ਵੱਡਾ ਸਬੂਤ ਹੈ ਛੇਵੇਂ ਜਾਮੇਂ ਸਮੇਂ ਹਕੂਮਤ ਨਾਲ ਚਾਰ ਜੰਗਾ ਤੇ ਵਿਸਾਖੀ 1699 ਤੀਕ ਦੱਸਵੇਂ ਪਾਤਸ਼ਾਹ ਦੀ ਕਮਾਨ ਹੇਠ ਲਗਭਗ 12-13 ਜੰਗਾਂ ਤੇ ਸਾਰੀਆਂ'ਚ ਜਿੱਤ। ਇਸੇ ਤਰ੍ਹਾਂ ਸਿਰ ਮੰਗਣ ਸਮੇਂ ਭੱਗਦੜ ਦੀਆਂ ਗੱਲਾਂ ਵੀ ਸਿੱਖੀ ਜੀਵਨ ਬਾਰੇ ਅਗਿਆਨਤਾ, ਕਪੋਲ ਕਲਪਣਾ ਤੇ ਨਿਰਮੂਲ ਹਨ।

6 ਅਕਤੂਬਰ ਸੰਨ 1708-ਉਹ ਮੁਬਾਰਕ ਦਿਨ ਜਦੋਂ ਗੁਰਦੇਵ ਨੇ ਪੰਜਾਂ ਨੂੰ ਤਾਬਿਆ ਖੜਾ ਕਰਕੇ 'ਗੁਰੂ ਗ੍ਰੰਥ ਸਾਹਿਬ ਜੀ' ਨੂੰ ਗੁਰਗੱਦੀ ਸੌਂਪੀ ਤੇ ਸੰਪੂਰਣਤਾ ਦਾ ਐਲਾਨ ਕੀਤਾ। ਗੁਰਬਾਣੀ ਦੇ ਗੁਰੂ ਹੋਣ ਵਾਲੀ ਗੱਲ ਤਾਂ ਪਹਿਲੇ ਜਾਮੇ ਤੋਂ ਹੀ ਸੀ। ਪੰਜਾਂ ਨੂੰ ਤਾਬਿਆ ਖੜਾ ਕਰਣਾ, ਚੇਤਾਵਣੀ ਸੀ ਕਿ ਪੰਥ ਨੇ ਪੱਕੇ ਤੌਰ ਤੇ, ਗੁਰਬਾਣੀ ਦੀ ਤਾਬਿਆ ਰਹਿ ਕੇ, ਪੰਜਾਂ ਦੇ ਰੂਪ'ਚ ਪੰਥ ਦੀ ਅਗਵਾਈ ਕਰਣੀ ਹੈ ਨਾ ਕਿ ਆਪਹੁਦਰੇਪਣ'ਚ। ਉਸ ਸਮੇਂ ਦਸਮੇਸ਼ ਜੀ ਦਾ ਉਹਨਾਂ ਪੰਜਾਂ ਲਈ ਇਤਿਹਾਸਕ ਆਦੇਸ਼ ਸੀ "ਪੂਜਾ ਅਕਾਲਪੁਰਖ ਕੀ" "ਪਰਚਾ ਸ਼ਬਦ ਕਾ" "ਦੀਦਾਰ ਖਾਲਸੇ ਕਾ"। ਪੰਥ ਨੂੰ ਮੌਜੂਦਾ ਅਧੋਗਤੀ'ਚੋਂ ਕਢਣ ਲਈ ਸਾਨੂੰ ਕਲਗੀਧਰ ਜੀ ਦੇ ਇਸ ਆਦੇਸ਼ ਵਲ ਵੀ ਧਿਆਣ ਦੇਣ ਦੀ ਲੋੜ ਹੈ।


AKALI SINGH SIKH SOCIETY
1890- SKEENA STREET, VANCOUVER, B.C., CANADA
PHONE (604) 254-2117, FAX: (604) 254-5309
www.akalisinghgurdwara.ca
Email: akalisinghsikhsociety@gmail.com

ਖਾਲਸੇ ਦੇ ਸਾਜਨਾ ਦਿਵਸ ਅਤੇ ਵਿਸਾਖੀ
ਦੀ ਸਮੂਹ ਸੰਗਤ ਨੂੰ ਲੱਖ-ਲੱਖ ਵਧਾਈ



ਗੁਰੂ ਪਿਆਰੀ ਸਾਧ ਸੰਗਤ ਜੀਓ,

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥

ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਆਪ ਸਭ ਸੰਗਤਾਂ ਵਲੋਂ ਖਾਲਸੇ ਦਾ ਜਨਮ ਦਿਹਾੜਾ ਬੜੀ ਸ਼ਰਧਾ ਨਾਲ ਮਨਾਉਣ ਹਿਤ ਅਕਾਲੀ ਬਾਣੀ ਦੇ ਸ੍ਰੀ ਅਖੰਡ ਪਾਠ ਸਾਹਿਬ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਅਕਾਲੀ ਸਿੰਘ ਸਿੱਖ ਸੁਸਾਇਟੀ, ਵੈਨਕੂਵਰ ਦੇ ਗੁਰਦੁਆਰਾ ਸਾਹਿਬ ਵਿਖੇ ਹੋ ਰਹੇ ਹਨ। ਇਸ ਦਿਹਾੜੇ ਤੇ ਸਾਰੀ ਸੇਵਾ ਭਾਈ ਸੋਹਨ ਸਿੰਘ ਤੇ ਬੀਬੀ ਮੋਹਿੰਦਰ ਕੌਰ ਮੇਟ ਵਲੋਂ ਵਾਹਿਗੁਰੂ ਦਾ ਸ਼ੁਕਰਾਨਾ ਕਰਨ ਅਤੇ ਪਰਿਵਾਰ ਦੀ ਚੜ੍ਹਦੀ ਕਲਾ ਦੀ ਅਰਦਾਸ ਕਰਨ ਲਈ ਕੀਤੀ ਜਾ ਰਹੀ ਹੈ।

ਸ੍ਰੀ ਅਖੰਡ ਪਾਠ ਸਾਹਿਬ ਦਾ ਪ੍ਰੋਗਰਾਮ
ਅਰੰਭ ਸ੍ਰੀ ਅਖੰਡ ਪਾਠ ਸਾਹਿਬ- 11 ਅਪ੍ਰੈਲ 2025, ਦਿਨ ਸ਼ੁੱਕਰਵਾਰ ਸਵੇਰੇ 10:00 ਵਜੇ
ਭੋਗ ਸ੍ਰੀ ਅਖੰਡ ਪਾਠ ਸਾਹਿਬ- 13 ਅਪ੍ਰੈਲ 2025, ਦਿਨ ਐਤਵਾਰ ਸਵੇਰੇ 9:30 ਵਜੇ

ਭੋਗ ਉਪਰੰਤ ਗੁਰੂਘਰ ਦੇ ਕੀਰਤਨੀਏ ਜਥੇ ਗੁਰਬਾਣੀ ਕੀਰਤਨ ਅਤੇ ਗਿਆਨੀ ਸਾਹਿਬਾਨ ਕਥਾ ਵਿਚਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਪਾਠ ਦੀ ਸੇਵਾ ਕਰਨ ਵਾਲੇ, ਚੌਬਦਾਰੀ ਦੀ ਸੇਵਾ ਕਰਨ ਵਾਲੇ ਅਤੇ ਲੰਗਰ ਦੀ ਸੇਵਾ ਕਰਨ ਵਾਲੇ ਸੇਵਾਦਾਰਾਂ ਪ੍ਰਤੀ ਬੇਨਤੀ ਹੈ ਕਿ ਸਮੇਂ ਸਿਰ ਗੁਰੂਘਰ ਪਹੁੰਚ ਕੇ ਸੇਵਾ ਵਿਚ ਹੱਥ ਵਟਾ ਕੇ ਗੁਰੂਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।
ਆਪ ਜੀ ਨਿਮਰਤਾ ਸਹਿਤ ਬੇਨਤੀ ਹੈ ਕਿ ਤਿੰਨੇ ਦਿਨ ਗੁਰੂਘਰ ਪਹੁੰਚ ਕੇ ਹਾਜਰੀਆਂ ਭਰ ਕੇ ਗੁਰੂਘਰ ਤੋਂ ਖੁਸ਼ੀਆਂ ਪ੍ਰਾਪਤ ਕਰੋ।
ਗੁਰੂ ਕਾ ਲੰਗਰ ਤਿੰਨੇ ਦਿਨ ਅਤੁੱਟ ਵਰਤੇਗਾ।

11 ਅਪ੍ਰੈਲ ਦਿਨ ਸ਼ੁੱਕਰਵਾਰ........ਸਵੇਰ ਨੂੰ ਅਨੰਦ ਕਾਰਜ ਹੋਵੇਗਾ।
11,12,13 ਅਪ੍ਰੈਲ ਖਾਲਸੇ ਦਾ ਜਨਮ ਦਿਹਾੜਾ ਮਨਾਉਣ ਹਿਤ ਸ੍ਰੀ ਅਖੰਡ ਪਾਠ ਸਾਹਿਬ ਹੋਵੇਗਾ,
ਲੰਗਰ ਦੀ ਸੇਵਾ ਸੋਹਨ ਸਿੰਘ ਮੇਟ ਅਤੇ ਪਰਿਵਾਰ ਵਲੋਂ ਹੋਵੇਗੀ।
12 ਅਪ੍ਰੈਲ, ਦਿਨ ਸ਼ਨਿੱਚਰਵਾਰ.....4:00 ਵਜੇ ਸਵ. ਭਾਈ ਤਰਸੇਮ ਲਾਲ ਦੀ ਆਤਮਿਕ ਸ਼ਾਂਤੀ ਲਈ ਅਰੰਭ ਕੀਤੇ ਹੋਏ ਸਹਿਜ ਪਾਠ ਦੇ ਭੋਗ ਪਾਏ ਜਾਣਗੇ।
12 ਅਪ੍ਰੈਲ, ਦਿਨ ਸ਼ਨਿੱਚਰਵਾਰ.....ਸ਼ਾਮ ਨੂੰ ਲੰਗਰ ਦੀ ਸੇਵਾ ਬੀਬੀ ਇੰਦਰਜੀਤ ਕੌਰ ਮਾਹਲ ਅਤੇ ਪਰਿਵਾਰ ਵਲੋਂ ਹੋਵੇਗੀ।
13 ਅਪ੍ਰੈਲ, ਦਿਨ ਐਤਵਾਰ.........ਬਾਅਦ ਦੁਪਿਹਰ 5:00 ਵਜੇ ਸਵ. ਬੀਬੀ ਗੁਰਮੀਤ ਕੌਰ ਸੰਘੇੜਾ ਦੀ ਆਤਮਿਕ ਸ਼ਾਂਤੀ ਲਈ ਅਰੰਭ ਕੀਤੇ ਹੋਏ ਸਹਿਜ ਪਾਠ ਦੇ ਭੋਗ ਪਾਏ ਜਾਣਗੇ।
18, 19, 20 ਅਪ੍ਰੈਲ ਸ੍ਰੀ ਅਖੰਡ ਪਾਠ ਦੀ ਸੇਵਾ ਭਾਈ ਮੋਹਿੰਦਰ ਸਿੰਘ ਮਿਨਹਾਸ ਅਤੇ ਪਰਿਵਾਰ ਵਲੋਂ ਹੋਵੇਗੀ।
18 ਅਪ੍ਰੈਲ, ਦਿਨ ਸ਼ੁੱਕਰਵਾਰ........ਸਵੇਰ ਨੂੰ ਨੰਬਰ ਦੋ ਦਰਬਾਰ ਹਾਲ ਅਨੰਦ ਕਾਰਜ ਹੋਵੇਗਾ।
20 ਅਪ੍ਰੈਲ, ਦਿਨ ਐਤਵਾਰ..........ਸਵੇਰ ਨੂੰ ਨੰਬਰ ਦੋ ਦਰਬਾਰ ਹਾਲ ਵਿਚ ਲੰਗਰ ਦੀ ਸੇਵਾ ਭਾਈ ਮਨਵੀਰ ਸਿੰਘ ਬਿਲਿੰਗ ਵਲੋਂ ਹੋਵੇਗੀ।

ਅੰਮ੍ਰਿਤ ਸੰਚਾਰ: 12 ਅਪ੍ਰੈਲ 2025, ਦਿਨ ਸ਼ਨਿੱਚਰਵਾਰ ਨੂੰ ਅੰਮ੍ਰਿਤ ਦਾ ਬਾਟਾ ਤਿਆਰ ਕੀਤਾ ਜਾਵੇਗਾ।
ਅੰਮ੍ਰਿਤ ਅਭਿਲਾਖੀ ਆਪਣੇ ਨਾਮ ਪ੍ਰਬੰਧਕਾਂ ਪਾਸ ਲਿਖਵਾਉਣ ਦੀ ਕ੍ਰਿਪਾਲਤਾ ਕਰਨ ਜੀ।

ਨਿਸ਼ਾਨ ਸਾਹਿਬ ਦੀ ਸੇਵਾ: 13 ਅਪ੍ਰੈਲ 2025, ਦਿਨ ਐਤਵਾਰ ਨੂੰ ਬਾਅਦ ਦੁਪਹਿਰ 1:00 ਵਜੇ ਨਿਸ਼ਾਨ ਸਾਹਿਬ ਦਾ ਚੋਲਾ ਬਦਲੀ ਕੀਤਾ ਜਾਵੇਗਾ। ਸਰਬੱਤ ਸੰਗਤ ਨੂੰ ਬੇਨਤੀ ਹੈ ਕਿ ਇਸ ਸਮੇਂ ਵੀ ਹਾਜ਼ਰੀਆਂ ਭਰ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਹਰ ਬੁੱਧਵਾਰ ਬੀਬੀਆਂ ਵਲੋਂ ਸੁਖਮਨੀ ਸਾਹਿਬ ਦਾ ਪਾਠ ਸਵੇਰੇ 10:00 ਵਜੇ ਤੋਂ 12:30 ਵਜੇ ਤੱਕ ਕੀਤਾ ਜਾਂਦਾ ਹੈ।
ਹਰ ਮੰਗਲਵਾਰ ਅਤੇ ਵੀਰਵਾਰ ਸ਼ਾਮ ਨੂੰ 7:00 ਵਜੇਂ ਤੋਂ 8:00 ਵਜੇ ਤੱਕ ਯੋਗਾ ਦੀਆਂ ਕਲਾਸਾਂ ਲੱਗਦੀਆਂ ਹਨ। ਪੰਜਾਬੀ ਦੀਆਂ ਕਲਾਸਾਂ ਵੀ ਸ਼ੁਰੂ ਹੋ ਚੁੱਕੀਆਂ ਹਨ।

ਗੁਰਦੁਆਰਾ ਸਾਹਿਬ ਸਵੇਰੇ 5 ਵਜੇ ਤੋਂ ਸ਼ਾਮ 7:30 ਵਜੇ ਤੱਕ ਖੁੱਲ੍ਹਾ ਰਹੇਗਾ। ਸਵੇਰੇ ਨਿੱਤ ਨੇਮ ਤੇ ਸ਼ਾਮ ਨੂੰ ਰਹਿਰਾਸ ਦਾ ਪ੍ਰੋਗਰਾਮ ਹੋਵੇਗਾ। ਸੋਮਵਾਰ ਤੋਂ ਸ਼ਨਿੱਚਰਵਾਰ ਤੱਕ ਸਵੇਰੇ 10:00 ਵਜੇ ਤੋਂ 11:00 ਵਜੇ ਤੱਕ ਕੀਰਤਨ ਹੁੰਦਾ ਹੈ ਅਤੇ ਐਤਵਾਰ ਨੂੰ ਸਵੇਰੇ 9:30 ਵਜੇ ਤੋਂ 12:30 ਵਜੇ ਤੱਕ ਦਿਵਾਨ ਸਜਾਏ ਜਾਂਦੇ ਹਨ।
ਰਾਗੀ ਜਥਾ: ਭਾਈ ਰਕਮ ਸਿੰਘ ਕਾਨ੍ਹਪੁਰ ਵਾਲੇ, ਭਾਈ ਅਜੀਤ ਸਿੰਘ ਦੇਹਰਾਦੂਨ ਵਾਲੇ ਕੀਰਤਨ ਕਰਦੇ ਹਨ।

ਹੋਰ ਜਾਣਕਾਰੀ ਲਈ ਤੁਸੀਂ ਹੇਠ ਲਿਖੇ ਫੋਨ ਨੰਬਰਾਂ 'ਤੇ ਕਾਲ ਕਰ ਸਕਦੇ ਹੋ।
ਪਿਆਰਾ ਸਿੰਘ ਬੱਸਨ: 604-254-2117, 604-254-3572, 604-325-0891

ਸੰਗਤਾਂ ਦੇ ਦਾਸ: ਪ੍ਰਬੰਧਕ ਕਮੇਟੀ, ਅਕਾਲੀ ਸਿੰਘ ਸਿੱਖ ਸੁਸਾਇਟੀ ਗੁਰਦੁਆਰਾ ਸਾਹਿਬ ਦਾ ਫੋਨ ਨੰਬਰ: (604) 254-2117

# ਇਹ ਦੇਸ਼ ਸਾਰਿਆਂ ਦਾ ਸਾਂਝਾ ਹੈ, ਕਿਸੇ ਦੇ ਅਧਿਕਾਰ ਖੋਹਣ ਦਾ ਹੱਕ ਕਿਸੇ ਨੂੰ ਨਹੀਂ ਹੋਣਾ ਚਾਹੀਦਾ:ਗਿ. ਗੜਗੱਜ

ਅੰਮ੍ਰਿਤਸਰ: ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਇਸ ਮੁਲਕ ਦੀ ਖੂਬਸੂਰਤੀ ਹੀ ਇਸ ਗੱਲ ਵਿੱਚ ਹੈ ਕਿ ਇੱਥੇ ਆਪਸੀ ਭਾਈਚਾਰਾ ਅਤੇ ਸਾਂਝ ਕਾਇਮ ਹੈ, ਜਿਸ ਕਰਕੇ ਫਿਰਕੂ ਸ਼ਕਤੀਆਂ ਸਫ਼ਲ ਨਹੀਂ ਹੁੰਦੀਆਂ।ਇਸ ਦੌਰਾਨ ਜਮੀਅਤ ਉਲੇਮਾ-ਏ-ਹਿੰਦ ਦੇ ਵਫ਼ਦ ਨੇ ਜਥੇਦਾਰ ਗੜਗੱਜ ਨਾਲ ਵਕਫ਼ ਬੋਰਡ ਤੇ ਹੋਰ ਧਾਰਮਿਕ ਮਾਮਲਿਆਂ ਸਬੰਧੀ ਵੀ ਵਿਚਾਰਾਂ ਕੀਤੀਆਂ।ਮੀਡੀਆ ਨਾਲ ਗੱਲ ਕਰਦਿਆਂ ਜਥੇਦਾਰ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਇਹ ਦੇਸ਼ ਸਾਰਿਆਂ ਦਾ ਸਾਂਝਾ ਹੈ ਅਤੇ ਸਾਰੇ ਭਾਈਚਾਰਿਆਂ ਨੂੰ ਇੱਥੇ ਖੁਸ਼ੀ ਦੇ ਨਾਲ ਰਹਿਣ ਦਾ ਹੱਕ ਹੈ। ਉਨ੍ਹਾਂ ਕਿਹਾ ਕਿ ਕੋਈ ਵੀ ਅਜਿਹਾ ਕੰਮ ਨਹੀਂ ਹੋਣਾ ਚਾਹੀਦਾ ਜਿਸ ਨਾਲ ਕਿਸੇ ਕੌਮ ਨੂੰ ਇਹ ਲੱਗੇ ਕਿ ਉਨ੍ਹਾਂ ਦੇ ਹੱਕ ਖੋਹੇ ਜਾ ਰਹੇ ਹਨ। ਸਾਨੂੰ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਤੋਂ ਸੇਧ ਲੈਣ ਦੀ ਲੋੜ ਹੈ ਕਿ ਜਦੋਂ ਉਨ੍ਹਾਂ ਦਾ ਰਾਜ ਸੀ ਤਾਂ ਉਨ੍ਹਾਂ ਦੀ ਕੈਬਨਿਟ ਵਿੱਚ ਵੱਖ-ਵੱਖ ਕੌਮਾਂ ਦੇ ਨੁਮਾਇੰਦੇ ਸ਼ਾਮਲ ਸਨ ਜਿਨ੍ਹਾਂ ਦਾ ਬਰਾਬਰ ਸਨਮਾਨ ਸੀ।ਉਨ੍ਹਾਂ ਕਿਹਾ ਕਿ ਸਾਰੀਆਂ ਕੌਮਾਂ ਦਾ ਮਾਨ ਸਨਮਾਨ ਕਾਇਮ ਰਹਿਣਾ ਚਾਹੀਦਾ ਹੈ ਅਤੇ ਕਿਸੇ ਦੇ ਵੀ ਅਧਿਕਾਰ ਖੋਹਣ ਦਾ ਹੱਕ ਕਿਸੇ ਨੂੰ ਨਹੀਂ ਹੋਣਾ ਚਾਹੀਦਾ।


Bhola
Car Seat Cover Ltd.
Specialize in Custom & Universal Seat Covers
• Leather Car Seat Covers
• Leather Truck Covers
• Truck Lino
• ਲੈਦਰ ਕਾਰ ਸੀਟ ਕਵਰ
• ਲੈਦਰ ਟਰੱਕ ਕਵਰ
• ਟਰੱਕ ਲਾਇਨੋ

Great Deals On CAR MATS & ACCESSORIES
ਪਿਛਲੇ 30 ਸਾਲਾਂ ਤੋਂ ਸੀਟ-ਕਵਰ ਬਿਜਨਸ 'ਚ

Call:Simranjeet Singh
778-926-2662
#104-13119-84Ave, Surrey, BC

ਮਨ ਮਨੁੱਖ ਦੀ ਕੁੰਜੀ ਹੈ
Mind is the key to the man.
NATURAL HOMEOPATHIC SOLUTIONS
Homeopathic Natural Products And Consultations
• Stress • Obesity & Weight Management & much more
2nd Location at Abbotsford also
#1, 32056 Cedar Park
(Above Dr. Chan Medical Clinic)
CALL Dr. Shveta : 604-304-2236
MBBS, MD & DHMHS (ONT.)
• Children & Ladies Problems and much more
We Have Effective New Medicines Based On Latest Research For The Cure Of:
• Allergy Conditions
• Colitis • De-addiction
• Migraine • Sexual Problems
• Arthritis • Stress Anxiety
• All Auto-Immune Diseases

"Homeopath R S Saini receiving International Award"
Director, West coast Homeopathic Society of Canada
Dr.R S Saini & Dr. Shveta Has The Latest Knowledge For The Cure Of These Diseases.
ਹੋਮਿਉਪੈਥ ਆਰ. ਐਸ. ਸੈਣੀ D.HOM. (London), MD(AM), International Medal Awardee 1973 ਤੋ ਐਕਟਿਵ ਪ੍ਰੈਕਟਿਸ ਵਿੱਚ
For Abbotsford
#1, 32056 Cedar Park (Above Dr. Chan Medical Clinic)
Appointments Call Dr. Shveta
MBBS, MD & DHMHS (ONT.)
604-304-2236
For Surrey
231-8138-128 ST., SURREY
(2ND FLOOR PAYAL BUSINESS CENTER)
604-502-9579
www.homeopathsaini.com

Grow Your Business with
A1 PROMOTIONS.
ਏ ਵੰਨ ਪਰੋਮੋਸ਼ਨਸ
Torphy Awards
Custom T Shirts
Team Uniforms
Custom Printed Tents, Flags
ਕਸਟਮ ਪਰਿੰਟਡ ਟੀ ਸ਼ਰਟਾਂ, ਜਰਸੀਆਂ, ਜੈਕਟਾਂ
ਵਿਆਹ ਸ਼ਾਦੀ ਦੇ ਸਾਈਨ ਸਕੂਲ ਯੂਨੀਫੌਰਮ
www.a1promotions.ca
604-763-1500
13375-72 AVE SURREY, BC
sales@a1promotions.ca
Mon - Fri 9:30 am to 5:30 pm Sat 10 am - 5 pm




ਸੇਵਾ ਕਰਤ ਹੋਇ ਨਿਹਕਾਮੀ ਤਿਸ ਕਉ ਹੋਤਿ ਪਰਾਪਤਿ ਸੁਆਮੀ

# PINGALWARA SOCIETY OF ONTARIO

124 BLACKMERE CIRCLE, BRAMPTON, ONTARIO CANADA L6W 4C1 * Ph: (905) 450-9664
Web:www.pingalwara.ca Email:abnash6@yahoo.com

ਪਾਗਲਾਂ, ਅਪਾਹਿਜਾਂ, ਬੀਮਾਰਾਂ, ਬਜ਼ੁਰਗਾਂ ਅਤੇ ਲਾਵਾਰਸ ਮਰੀਜਾਂ ਦਾ ਘਰ

ਮੁੱਖ ਦਫਤਰ: ਅੰਮ੍ਰਿਤਸਰ (ਪੰਜਾਬ, ਇੰਡੀਆ) * ਫੋਨ: 183-258-4586

# ਵਿਸਾਖੀ ਅਤੇ ਖਾਲਸਾ ਸਾਜਨਾ ਦਿਵਸ ਦੀ ਸਮੂਹ ਜਗਤ ਨੂੰ ਲੱਖ ਲੱਖ ਵਧਾਈ ਹੋਵੇ



## ਪਿੰਗਲਵਾੜਾ ਅੰਮ੍ਰਿਤਸਰ ਅਤੇ ਪਿੰਗਲਵਾੜਾ ਸੁਸਾਇਟੀ ਆਫ ਉਨਟਾਰੀਓ ਦੇ ਸਮੂਹ ਸੇਵਾਦਾਰਾਂ ਵੱਲੋਂ ਵਿਸਾਖੀ ਅਤੇ ਖਾਲਸਾ ਸਾਜਨਾ ਦਿਵਸ ਦੀਆਂ ਸਮੂਹ ਜਗਤ ਨੂੰ ਲੱਖ ਲੱਖ ਵਧਾਈਆਂ ਹੋਣ ਜੀ।

**ਬੇਨਤੀ :**ਅਸੀਂ ਸਮੂਹ ਸਤਿਕਾਰਯੋਗ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦਾ ਤੇ ਸਮੂਹ ਸਤਿਕਾਰਯੋਗ ਦੁਕਾਨ ਮਾਲਕਾਂ ਦਾ ਤਹਿ ਦਿਲੋਂ ਧੰਨਵਾਦ ਕਰਦੇ ਹਾਂ ਜਿਹਨਾਂ ਦੇ ਸਹਿਯੋਗ ਨਾਲ ਅਸੀਂ ਪਿੰਗਲਵਾੜਾ ਅੰਮ੍ਰਿਤਸਰ ਦੀ ਮੱਦਦ ਲਈ ਹਰ ਮਹੀਨੇ ਦਾਨ ਇਕੱਠਾ ਕਰਦੇ ਹਾਂ। ਅਸੀਂ ਗੁਰੂ ਰੂਪ ਸਾਧ ਸੰਗਤ ਦਾ ਵੀ ਤਹਿ ਦਿਲੋਂ ਧੰਨਵਾਦ ਕਰਦੇ ਹਾਂ ਜੋ ਆਪਣੀ ਦਸਾਂ ਨਹੁੰਆਂ ਦੀ ਕਮਾਈ ਵਿਚੋਂ ਹਰ ਮਹੀਨੇ ਦਾਨ ਕਰਦੇ ਹਨ। ਵਾਹਿਗੁਰੂ ਸਭ ਨੂੰ ਚੜ੍ਹਦੀ ਕਲਾ ਬਖਸ਼ੇ ਤੇ ਸਿਹਤ ਤੰਦਰੁਸਤੀ ਬਖਸ਼ੇ ਅਤੇ ਸਭ ਦੀਆਂ ਕਮਾਈਆਂ ਵਿਚ ਬਰਕਤਾਂ ਪਾਵੇ। ਜਿਵੇਂ ਅਸੀਂ ਆਪ ਜੀ ਨੂੰ ਹਮੇਸ਼ਾਂ ਯਾਦ ਦਿਵਾਉਂਦੇ ਰਹਿੰਦੇ ਹਾਂ ਕਿ ਪਿੰਗਲਵਾੜਾ ਅੰਮ੍ਰਿਤਸਰ ਦੇ 6 ਸਕੂਲ ਸਪਾਂਸਰ ਕੀਤੇ ਹਨ ਅਤੇ ਨਾਲ ਦਵਾਈਆਂ ਵੀ ਸਪਾਂਸਰ ਕੀਤੀਆਂ ਹਨ। ਇਹਨਾਂ ਸਕੂਲਾਂ ਵਿਚ ਪਿੰਗਲਵਾੜੇ ਦੇ ਬੱਚਿਆਂ ਤੋਂ ਇਲਾਵਾ ਬਾਹਰੋਂ ਬੱਚੇ ਵੀ ਦਾਖਲ ਕੀਤੇ ਜਾਂਦੇ ਹਨ। ਇਹ ਉਹ ਬੱਚੇ ਹਨ ਜਿਹਨਾਂ ਦੇ ਮਾਤਾ ਪਿਤਾ ਉਹਨਾਂ ਦੀ ਪੜ੍ਹਾਈ ਤੇ ਇਕ ਵੀ ਪੈਸਾ ਨਹੀਂ ਖਰਚ ਸਕਦੇ। ਸਾਰੇ ਬੱਚਿਆਂ ਨੂੰ ਫਰੀ ਪੜ੍ਹਾਈ ਕਰਵਾਈ ਜਾਂਦੀ ਹੈ, ਕਿਤਾਬਾਂ, ਪੈਨਸਲਾਂ, ਕਾਪੀਆਂ ਤੇ ਹੋਰ ਪੜਾਈ ਨਾਲ ਸਬੰਧਤ ਹਰ ਚੀਜ ਪਿੰਗਲਵਾੜੇ ਵੱਲੋਂ ਬੱਚਿਆਂ ਨੂੰ ਦਿੱਤੀ ਜਾਂਦੀ ਹੈ। ਹੁਣੇ ਜਿਹੇ 8ਵੀਂ ਕਲਾਸ ਦੇ ਨਤੀਜੇ ਆਏ ਹਨ। ਭਗਤ ਪੂਰਨ ਸਿੰਘ ਆਦਰਸ਼ ਸਕੂਲ ਮਾਨਾਂਵਾਲੇ ਦੇ 63 ਬੱਚਿਆਂ ਨੇ ਇਮਤਿਹਾਨ ਦਿੱਤੇ। ਸਾਰੇ ਪਾਸ ਹੋਏ ਜਿਹਨਾਂ ਵਿਚੋਂ 14 ਬੱਚਿਆਂ ਨੇ 90% ਤੋਂ 95% ਤੱਕ ਅੰਕ ਲਏ ਅਤੇ 36 ਬੱਚਿਆਂ ਨੇ 80% ਤੋਂ 90% ਤੱਕ ਦੇ ਨੰਬਰ ਲਏ ਅਤੇ ਇੱਕ ਬੱਚੀ ਅਮਨਪ੍ਰੀਤ ਕੌਰ 98% ਅੰਕ ਲੈ ਕੇ ਬੋਰਡ ਦੀ ਮੈਰਿਟ ਸੂਚੀ ਵਿਚ 11ਵੇਂ ਸਥਾਨ ਤੇ ਆਪਣਾ ਨਾਮ ਦਰਜ ਕਰਵਾਇਆ। ਦੂਸਰਾ ਸਕੂਲ, ਭਗਤ ਪੂਰਨ ਸਿੰਘ ਆਦਰਸ਼ ਸਕੂਲ ਬੁੱਟਰਕਲਾਂ ਜੋ ਗੁਰਦਾਸਪੁਰ ਵਿਚ ਹੈ ਇਸ ਸਕੂਲ ਦੀ ਬੱਚੀ ਜੋਬਨਪ੍ਰੀਤ ਕੌਰ ਨੇ ਵੀ 98% ਨੰਬਰ ਲੈ ਕੇ ਮੈਰਿਟ ਸੂਚੀ ਵਿ ਆਪਣਾ ਨਾਮ ਦਰਜ ਕਰਵਾਇਆ ਹੈ ਅਤੇ ਇਸ ਸਕੂਲ ਦੇ 30 ਬੱਚੇ ਵੀ ਸਾਰੇ ਪਾਸ ਹੋ ਗਏ ਹਨ। ਆਪ ਸਭ ਦਾ ਅਸੀਂ ਤਹਿ ਦਿਲੋਂ ਧੰਨਵਾਦ ਕਰਦੇ ਹਾਂ ਜੋ ਤੁਸੀਂ ਇਹਨਾਂ ਬੱਚਿਆਂ ਦੀਆਂ ਜਿੰਦਗੀਆਂ ਬਣਾ ਰਹੇ ਹੋ। ਪਿੰਗਲਵਾੜਾ ਸੁਸਾਇਟੀ ਆਫ ਉਨਟੇਰੀਓ ਨੂੰ ਤੁਸੀਂ ਦਾਨ ਈ-ਟਰਾਂਸਫਰ ਵੀ ਕਰ ਸਕਦੇ ਹੋ ਜਿਸਦੀ ਰਸੀਦ ਦਿੱਤੀ ਜਾਵੇਗੀ। ਤੁਸੀਂ ਚੈੱਕ ਵੀ ਮੇਲ ਕਰ ਸਕਦੇ ਹੋ। ਯਾਦ ਰਹੇ ਕਿ ਚੈੱਕ **Pingalwara Society Of Ontario** ਦੇ ਨਾਮ ਦਾ ਕੱਟਣਾ ਜੀ। ਸਾਡਾ ਐਡਰੈੱਸ ਮੇਲ ਕਰਨ ਲਈ ਉੱਪਰ ਦਿੱਤਾ ਗਿਆ ਹੈ ਜੀ। ਤੁਸੀਂ ਸਾਡੀ ਵੈੱਬਸਾਈਟ ਰਾਹੀਂ ਆਨਲਾਈਨ ਡੁਨੇਸ਼ਨ ਵੀ ਕਰ ਸਕਦੇ ਹੋ। ਸਾਡੀ ਵੈੱਬਸਾਈਟ **www.pingalwara.ca** ਹੈ ਜੀ। ਆਪ ਸਭ ਨੂੰ ਬੇਨਤੀ ਹੈ ਕਿ ਜਦੋਂ ਕਿਤੇ ਵੀ ਪਿੰਗਲਵਾੜੇ ਦਾ ਦਾਨ ਪਾਤਰ ਦੇਖੋ ਉਸ ਵਿਚ ਜਰੂਰ ਆਪਣਾ ਤਿਲ ਫੁਲ ਪਾਇਆ ਕਰੋ ਜੀ। ਬਾਕੀ ਜੋ ਹੋਰ ਜਾਣਕਾਰੀ ਲੈਣੀ ਹੋਵੇ ਤਾਂ ਸਾਨੂੰ ਬਿਨਾ ਝਿਜਕ ਫੋਨ ਕਰ ਸਕਦੇ ਹੋ। ਸਾਡੀ ਸੁਸਾਇਟੀ ਦਾ ਪਹਿਲਾ ਫਰਜ ਹੀ ਆਪ ਜੀ ਦੀ ਤਸੱਲੀ ਕਰਾਉਣਾ ਤੇ ਆਪ ਜੀ ਦਾ ਭਰੋਸਾ ਜਿੱਤਣਾ ਹੈ। ਬਹੁਤ ਬਹੁਤ ਧੰਨਵਾਦ ਜੀ।

**ਉਨਟਾਰੀਓ ਸੇਵਾਦਾਰ :**

**ਅਬਿਨਾਸ਼ ਕੌਰ ਕੰਗ:905-450-9664**

**ਰਣਜੀਤ ਸਿੰਘ ਜੌਹਲ:416-674-3341**

**ਬੀ.ਸੀ ਦੇ ਸੇਵਾਦਾਰ :**

**ਸ. ਗੁਰਪ੍ਰੀਤ ਸਿੰਘ ਥਿੰਦ ਫੋਨ: 604-218-9000**

**ਸ. ਜਗਜੀਵਨ ਸਿੰਘ ਗਿੱਲ ਫੋਨ: 604-850-3127**

# ਚਿੱਟੇ ਨਾਲ ਫੜੀ ਗਈ ਪੁਲਿਸ ਮੁਲਾਜ਼ਮ ਅਮਨਦੀਪ ਕੌਰ ਦੇ ਹੋਰ ਖੁਲਾਸੇ

ਬਠਿੰਡਾ: ਪੰਜਾਬ ਪੁਲਿਸ ਦੀ ਕਾਂਸਟੇਬਲ ਅਤੇ ਸੋਸ਼ਲ ਮੀਡੀਆ ਇੰਫਲੂਐਂਸਰ ਅਮਨਦੀਪ ਕੌਰ ਨੂੰ ਹੈਰੋਇਨ ਸਮੇਤ ਗ੍ਰਿਫ਼ਤਾਰ ਕਰ ਲਿਆ ਗਿਆ ਹੈ। 2011 ਵਿੱਚ ਭਰਤੀ ਹੋਈ ਅਮਨਦੀਪ ਆਪਣੇ 14 ਸਾਲਾਂ ਦੇ ਕਰੀਅਰ ਵਿੱਚ ਪਹਿਲਾਂ ਹੀ ਦੋ ਵਾਰ ਗ੍ਰਿਫ਼ਤਾਰ ਹੋ ਚੁੱਕੀ ਹੈ।ਇਹ ਉਸ ਦੀ ਤੀਜੀ ਗ੍ਰਿਫ਼ਤਾਰੀ ਹੈ।ਅਮਨਦੀਪ ਨੇ ਇੰਸਟਾਗ੍ਰਾਮ ‘ਤੇ ਅਕਸਰ ਆਪਣੇ ਮਹਿੰਗੇ ਸ਼ੀਹ ਤਜ਼ੂ ਕੁੱਤੇ ਨਾਲ ਵੀਡੀਓ ਰੀਲਾਂ ਬਣਾਈਆਂ।ਇਹ ਨਸਲ ਭਾਰਤ ਵਿੱਚ 60 ਹਜ਼ਾਰ ਤੋਂ ਲੈ ਕੇ 1.5 ਲੱਖ ਰੁਪਏ ਤੱਕ ਦੀ ਹੁੰਦੀ ਹੈ।ਉਸ ਦੇ ਇੰਸਟਾ ਵਿਡੀਓਜ਼ ਵਿੱਚ ਦਿਖਦਾ ਬੰਗਲਾ, ਜਿੱਥੇ ਉਹ ਰਹਿ ਰਹੀ ਸੀ, ਕਿਸੇ ਹੋਰ ਦੇ ਨਾਮ ‘ਤੇ ਹੈ।ਪੁਲਿਸ ਅਨੁਸਾਰ ਉਸ ਦੇ ਨਾਮ ‘ਤੇ ਸਿਰਫ਼ ਇੱਕ ਸਕੂਟੀ ਹੈ, ਪਰ ਜਾਇਦਾਦਾਂ, ਕਾਰਾਂ, ਗਹਿਣਿਆਂ ਅਤੇ ਪਾਲਤੂ ਜਾਨਵਰਾਂ ਵਾਸਤੇ ਰੁਝਾਨ ਉਸਦੇ ਲਾਈਫਸਟਾਈਲ ਨੂੰ ਲਗਜ਼ਰੀ ਬਣਾਉਂਦੇ ਹਨ।ਪੁਲਿਸ ਨੇ ਇਹ ਵੀ ਦੱਸਿਆ ਕਿ ਉਸ ਦੀ ਮਾਸਿਕ ਤਨਖਾਹ 50-60 ਹਜ਼ਾਰ ਰੁਪਏ ਦੇ ਕਰੀਬ ਹੈ, ਜਿਸ ਨਾਲ ਐਨੀ ਜਾਇਦਾਦ ਇਕੱਠੀ ਕਰਨਾ ਸਵਾਲ ਖੜ੍ਹੇ ਕਰਦਾ ਹੈ।


Shaadi Shop
Exclusive Indian Wedding Accessories
Ladies Tailoring Service *Lining Suit $70 *Simple Suit $40
Shagun/Rangoli Supplies
Sahe Chiti, Choora/Jewelery Box
Maiyan Fati, Haldi Sets & More
Rentals:Jago-dholki, stools
Fresh Fruit-Dry Fruit-Shagun Baskets
ਵਿਆਹ ਸ਼ਾਦੀ ਤੇ ਸ਼ਗਨ/ਰੰਗੋਲੀ ਸਪਲਾਈ, ਸਾਹੇ ਚਿੱਠੀ/ਚੂੜਾ/ਜਿਊਲਰੀ ਬਾਕਸ, ਜਾਗੋ-ਢੋਲਕੀ-ਸਟੂਲ ਰੈਂਟਲ ਆਦਿ ਲਈ ਸਾਡੇ ਨਾਲ ਸੰਪਰਕ ਕਰੋ
Serving All Areas from Blaine WA to Seattle WA
360-201-0240



SAMARA FRAMING LTD
RESIDENTIAL & COMMERCIAL
ਵਰਕਰਾਂ ਦੀ ਲੋੜ
ਸਾਡੇ ਕੋਲ LMIA ਉਪਲਬਧ ਹਨ
ਸਰੀ ਦੀ ਮਸ਼ਹੂਰ ਫਰੇਮਿੰਗ ਕੰਪਨੀ (ਸਮਾਰਾ ਫਰੇਮਿੰਗ ਲਿਮਿ:) ਵਾਲਿਆਂ ਨੂੰ ਵਰਕਰਾਂ ਦੀ ਤੁਰੰਤ ਲੋੜ ਹੈ।ਤਨਖਾਹ ਤਜਰਬੇ ਅਨੁਸਾਰ ਵਧੀਆ ਦਿੱਤੀ ਜਾਵੇਗੀ। ਨਵੇਂ ਵੀ ਅਪਲਾਈ ਕਰ ਸਕਦੇ ਹਨ।ਸਰੀ ਅਤੇ ਡੈਲਟਾ ਤੋਂ ਰਾਈਡ ਦਾ ਪ੍ਰਬੰਧ।ਕੰਮ ਫੁੱਲ ਟਾਈਮ ਹਫਤੇ ਵਿਚ 6 ਦਿਨ ਚੱਲੇਗਾ।
ਹੋਰ ਜਾਣਕਾਰੀ ਲਈ ਸੰਪਰਕ ਕਰੋ
ਬਲਜੀਤ 604-561-5467, ਗੈਰੀ 604-816-8422



• ਇੰਸ਼ੋਰੈਂਸ ਦੀਆਂ ਸਾਰੀਆਂ ਵੱਡੀਆਂ ਪਲੈਨਾਂ ਲੈਂਦੇ ਹਾਂ • ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਬੋਲਦੇ ਹਾਂ
• ਸ਼ਾਮ ਅਤੇ ਵੀਕਐਂਡ ਦੀਆਂ ਅਪਾਇੰਟਮੈਂਟਾਂ ਉਪਲਬੱਧ ਹਨ • ਸਕਾਟ ਰੋਡ ਗੁਰਦਵਾਰਾ ਦੇ ਨੇੜੇ, ਸਤਨਾਮ ਪਲਾਜ਼ਾ ਵਿੱਚ
ਪਿਛਲੇ 10 ਸਾਲਾਂ ਤੋਂ ਉੱਪਰ ਸੇਵਾਵਾਂ ਪ੍ਰਦਾਨ ਕਰਦੇ ਆ ਰਹੇ ਹਾਂ


ਸੇਵਾਵਾਂ :
• ਜਾੜ ਭਰਨੀ
• ਦੰਦ ਕੱਢਣੇ
• ਕਰਾਊਨ ਤੇ ਬ੍ਰਿਜ
• ਡਿਜੀਟਲ ਐਕਸਰੇ
• ਵਾਈਟ ਫਿਲਿੰਗਸ
• ਦੰਦਾਂ ਦੀ ਸਫਾਈ ਅਤੇ ਚੈੱਕਅੱਪ
SERVICES:
• Extractions
• White Fillings
• Root Canals
• Crown & Bridge
• Digital X-Rays
• Teeth Cleaning & Checkup
• All Major Insurance Plans Accepted
• Punjabi, Hindi, Urdu Spoken
• New Patients Welcome
Evening & Weekend Appointment Available
Practising For Over 10 Years
ਇਮਰਜੈਂਸੀ ਅਪਾਇੰਟਮੈਂਟਾਂ ਉਪਲਬੱਧ ਹਨ
EVERSHINE FAMILY DENTISTRY
ਤੁਹਾਡੇ ਪਰਿਵਾਰ ਲਈ...ਤੰਦਰੁਸਤ ਤੇ ਸੁੰਦਰ ਮੁਸਕਾਨ


604.593.6515
#111 - 7130 120th Street, Surrey, BC
Near Guru Nanak Sikh Gurdwara
Ground Floor of Satnam Plaza
(FREE AMPLE PARKING)
Dr. Anjanpal Kaur Bhalla
www.evershinedental.ca
ਡਾ. ਅੰਜਨਪਾਲ ਕੌਰ ਭੱਲਾ



www.deltondentures.com
DELTON DENTURE CLINIC LTD.
Denturists Are Denture Specialist
ਤੁਹਾਡੇ ਜੁਬਾੜੇ ਦੀਆਂ ਹਰ ਤਰ੍ਹਾਂ ਦੀਆਂ ਸੇਵਾਵਾਂ
"We accept CANADIAN DENTAL CARE PLAN for Dentures"
- Complete Dentures
- Immediate Dentures
- Partial Dentures
- Dentures Over Implants
- Same Day Relines
- Repairs, Soft Linings
- Sport Guards
ਅਸੀਂ ਦੰਦ ਬਣਾਉਣ 'ਚ ਮਾਹਿਰ ਹਾਂ
WE ARE DENTURISTS
CONSUMER CHOICE AWARD 2018 VANCOUVER
Business Category Denturist
ਅਸੀਂ ਜੁਬਾੜੇ ਬਣਾਉਂਦੇ ਹਾਂ
Get a Beautiful Smile


Chris Kozakiewicz
BSc., R.D.
Mon-Fri: 9am-5pm, Saturdays By Appointment
Scott 72 Shopping Centre
#209- 7313-120th St., Delta ( Above London Drugs & Staples )
604.590.1111



GAUTAM & ASSOCIATES
TRIAL LAWYERS


OUR AREAS OF EXPERTISE
*PERSONAL INJURY LAW
*VISA REFUSALS
*IMMEDIATE ROADSIDE
*PROHIBITIONS *FAMILY LAW
*CIVIL AND COMMERCIAL
*LITIGATION *WILLS AND ESTATES
ਅੱਜ ਹੀ ਸੰਪਰਕ ਕਰੋ
604-593-5310
Email:dkgautam@galawyers.ca
#210-8028-128St, Surrey, BC

ੴ

TRUTH IS THE HIGHEST OF ALL THINGS:
HIGHER STILL IS TRUTHFUL LIVING -GURU NANAK DEV JI

ੴ ਸਤਿਗੁਰ ਪ੍ਰਸਾਦਿ

# ਗੁਰਦੁਆਰਾ ਦਸ਼ਮੇਸ਼ ਦਰਬਾਰ ਸਰੀ

12885-85Ave. Surrey, BC V3W 0K8 Canada




## ਗੁਰਦੁਆਰਾ ਸਾਹਿਬ ਦਸ਼ਮੇਸ਼ ਦਰਬਾਰ ਸਰੀ ਵਿਖੇ ਹੋ ਰਹੇ ਇਸ ਹਫਤੇ ਦੇ ਪ੍ਰੋਗਰਾਮਾਂ ਦਾ ਵੇਰਵਾ

ਸਿੰਘ ਸਾਹਿਬ ਗਿ:ਪ੍ਰਤਾਪ ਸਿੰਘ ਜੀ ਹੈੱਡ ਗ੍ਰੰਥੀ ਤਖਤ ਸ਼੍ਰੀ ਹਜ਼ੂਰ ਸਾਹਿਬ ਵਾਲੇ ਹਰ ਰੋਜ ਸ਼ਾਮ 6:45 ਤੋਂ 7:30 ਵਜੇ ਤੱਕ 18 ਅਪ੍ਰੈਲ ਤੱਕ ਕਥਾ ਦੀ ਸੇਵਾ ਨਿਭਾਉਣਗੇ।

ਇਸ ਹਫਤੇ ਦੇ ਸਮਾਗਮ ਸ਼ਹੀਦੀ ਭਾਈ ਜੁਗਰਾਜ ਸਿੰਘ ਤੂਫਾਨ, ਭਾਈ ਗੁਰਨਾਮ ਸਿੰਘ ਬੁੱਟਰ ਅਤੇ ਜਨਮ ਦਿਨ ਸਾਹਿਬਜਾਦਾ ਬਾਬਾ ਜੁਝਾਰ ਸਿੰਘ ਜੀ ਮਨਾਇਆ ਜਾਵੇਗਾ।

*12 ਅਪ੍ਰੈਲ ਦਿਨ ਸ਼ਨਿੱਚਰਵਾਰ ਸ਼ਾਮ 7 ਤੋਂ ਸਵੇਰੇ 3:ਵਜੇ ਤੱਕ ਰੈਣ ਸਬਾਈ ਕੀਰਤਨ ਹੋਵੇਗਾ।

*9 ਅਪ੍ਰੈਲ ਦਿਨ ਬੁੱਧਵਾਰ ਸੁਖਮਨੀ ਸਾਹਿਬ ਦੇ ਪਾਠ ਬੀਬੀ ਸ਼ਰਨਦੀਪ ਕੌਰ ਪਰਿਵਾਰ ਵੱਲੋਂ

*11 ਅਪ੍ਰੈਲ ਦਿਨ ਸ਼ੁੱਕਰਵਾਰ 3 ਪਰਿਵਾਰਾਂ ਵੱਲੋਂ ਸ੍ਰੀ ਅਖੰਡ ਪਾਠ ਸਾਹਿਬ ਹੋਣਗੇ:
(1) ਭਾਈ ਸੁਖਵੀਰ ਸਿੰਘ ਰੈਨਾ (2) ਭਾਈ ਨਰਿੰਦਰ ਸਿੰਘ ਹੇਅਰ (3) ਭਾਈ ਗੁਰਦੀਪ ਸਿੰਘ

*12 ਅਪ੍ਰੈਲ ਦਿਨ ਸ਼ਨਿੱਚਰਵਾਰ 3 ਪਰਿਵਾਰਾਂ ਵੱਲੋਂ ਸੁਖਮਨੀ ਸਾਹਿਬ ਪਾਠ ਤੇ ਲੰਗਰ ਸੇਵਾ ਹੋਵੇਗੀ:
(1) ਭਾਈ ਮਨਜੀਤ ਸਿੰਘ ਧਾਲੀਵਾਲ (2) ਬੀਬੀ ਬਲਵਿੰਦਰ ਕੌਰ ਵਿਰਕ (3) ਬੀਬੀ ਲਵਪ੍ਰੀਤ ਕੌਰ

ਨਿਸ਼ਾਨ ਸਾਹਿਬ ਦੇ ਚੋਲੇ ਦੀ ਸੇਵਾ 13 ਅਪ੍ਰੈਲ ਦਿਨ ਐਤਵਾਰ

20 ਅਪ੍ਰੈਲ ਦਿਨ ਐਤਵਾਰ ਸਵੇਰੇ ਅੰਮ੍ਰਿਤ ਸੰਚਾਰ ਹੋਵੇਗਾ

ਸਾਲਾਨਾ ਮਹਾਨ ਨਗਰ ਕੀਰਤਨ 19 ਅਪ੍ਰੈਲ ਦਿਨ ਸ਼ਨਿੱਚਰਵਾਰ ਹੋਣਗੇ

**ਸਮੂਹ ਸਾਧ ਸੰਗਤ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਪਰਿਵਾਰਾਂ ਸਮੇਤ ਗੁਰੂ ਦਰਬਾਰ ਵਿਚ ਹਾਜਰੀ ਭਰ ਕੇ ਤਨ, ਮਨ, ਧਨ ਨਾਲ ਸੇਵਾ ਕਰ ਕੇ ਜੀਵਨ ਸਫਲਾ ਕਰੋ ਜੀ**

**ਗੁਰਦੁਆਰਾ ਸਾਹਿਬ ਵਿਖੇ ਕੋਈ ਵੀ ਸੇਵਾ ਲੈਣ ਅਤੇ ਵਧੇਰੇ ਜਾਣਕਾਰੀ ਪ੍ਰਾਪਤ ਕਰਨ ਲਈ 604-594-2574 ਤੇ ਸੰਪਰਕ ਕਰੋ ਜੀ**

# ਖਾਲਸਾ ਸਾਜਨਾ ਦਿਵਸ
# ਅਤੇ ਵਿਸਾਖੀ ਦੀਆਂ
# ਆਪ ਸਭ ਨੂੰ ਲੱਖ ਲੱਖ ਵਧਾਈਆਂ



# GS TILES

(Residential & Commercial)

- Ceramic Tiles
- Granite
- Marble
- Kitchen Backsplash & All Tiles
- Floor & Bath
- Fire Places

GUARANTEED WORKMANSHIP

FOR FREE ESTIMATE CALL

**Surinder Aulakh**

# 778-323-0621

ਫੈਡਰਲ ਇਲੈਕਸ਼ਨ / ਸੋਮਵਾਰ, 28 ਅਪ੍ਰੈਲ

#ItsOurVote

# ਕੀ ਤੁਹਾਨੂੰ ਤੁਹਾਡਾ ਵੋਟਰ ਜਾਣਕਾਰੀ ਕਾਰਡ ਮਿਲ ਗਿਆ ਹੈ?




**ਇਹ ਤੁਹਾਨੂੰ ਦੱਸਦਾ ਹੈ ਕਿ ਤੁਸੀਂ ਕਿੱਥੇ ਅਤੇ ਕਦੋਂ ਵੋਟ ਪਾ ਸਕਦੇ ਹੋ।**

ਜੇ ਤੁਸੀਂ ਵੋਟ ਪਾਉਣ ਲਈ ਰਜਿਸਟਰ ਹੋਏ ਹੋ, ਤਾਂ ਤੁਹਾਨੂੰ ਡਾਕ ਵਿੱਚ ਇੱਕ ਵੋਟਰ ਜਾਣਕਾਰੀ ਕਾਰਡ ਮਿਲਣਾ ਚਾਹੀਦਾ ਹੈ।

**ਇਲੈਕਸ਼ਨਜ਼ ਕੈਨੇਡਾ ਨਾਲ ਸੰਪਰਕ ਕਰੋ, ਜੇ ਤੁਹਾਡੇ ਵੋਟਰ ਜਾਣਕਾਰੀ ਕਾਰਡ 'ਤੇ:**

- ਦਿੱਤੀ ਜਾਣਕਾਰੀ ਗਲਤ ਹੈ
- 11 ਅਪ੍ਰੈਲ ਤੱਕ ਨਹੀਂ ਪਹੁੰਚਿਆ

It's Our Vote

ਵੋਟਿੰਗ ਬਾਰੇ ਲੋੜੀਂਦੀ ਅਧਿਕਾਰਿਤ ਜਾਣਕਾਰੀ ਵਾਸਤੇ, elections.ca 'ਤੇ ਜਾਓ।

1-800-463-6868 / **elections.ca** / TTY 1-800-361-8935

Elections Canada



# DREAM BANQUET HALL

Birthday, Wedding, Reception, anniversary, Jago, Kitty Parties, Graduation, Seminars, Fund Raising, Business Meeting, Corporate Events




Dream Catering "Your Venue, Our Food"

We provide various Menu Options to choose

ਜਨਮਦਿਨ, ਵਿਆਹ, ਰਿਸੈਪਸ਼ਨ, ਐਨਵਰਸਰੀ, ਜਾਗੋ, ਸੈਮੀਨਾਰ, ਫੰਡ ਰੇਜਿੰਗ, ਬਿਜਨਸ ਮੀਟਿੰਗ, ਕਾਰਪੋਰੇਟ ਈਵੈਂਟ ਆਦਿ ਬੁੱਕ ਕਰਨ ਲਈ ਸਾਡੇ ਨਾਲ ਸੰਪਰਕ ਕਰੋ

For Bookings, Contact: **604-203-7272**

7236 -120St, Surrey, BC Email:info@dreambanquethall.ca



.Ck Auto.

# CK AUTO SERVICES LTD.



- Tune Ups
- Oil Change
- Wheel alignment
- Transmission
- Electrical
- Air Condition
- Electronic Fuel Injection
- Brakes
- Repairs
- Propane & Natural Gas
- Computerized Wheel Alignment
- Tires & Wheel Balancing

AUTO REPAIR SERVICES



-REASONABLE RATES
-EXPERIENCED -QUALITY WORK

.Ck Auto.




Cell: 778-322-1610
Tel: 604-592-2667
#106-13112-84th Ave.,Surrey
Open Mon to Sat 9 am to 6pm
SUNDAY CLOSED

# ਵਕ਼ਫ ਬੋਰਡ ਤੋਂ ਬਾਅਦ ਚਰਚਾਂ ਦੀ ਵਾਰੀ

ਨਵੀਂ ਦਿੱਲੀ:ਸੰਸਦ ਵਿੱਚ ਵਕਫ ਸੋਧ ਬਿੱਲ ਪਾਸ ਹੋਣ ਦੇ ਬਾਅਦ ਰਾਹੁਲ ਗਾਂਧੀ ਨੇ ਖਬਰਦਾਰ ਕੀਤਾ ਹੈ ਕਿ ਆਰ ਐੱਸ ਐੱਸ ਦਾ ਅਗਲਾ ਨਿਸ਼ਾਨਾ ਈਸਾਈ ਭਾਈਚਾਰਾ ਹੋ ਸਕਦਾ ਹੈ। ਉਨ੍ਹਾ ਆਰ ਐੱਸ ਐੱਸ ਦੇ ਅੰਗਰੇਜ਼ੀ ਤਰਜਮਾਨ 'ਦੀ ਆਰਗੇਨਾਈਜ਼ਰ' ਦੀ ਵੈੱਬਸਾਈਟ ਵਿੱਚ ਛਪੇ ਇੱਕ ਲੇਖ ਦਾ ਜ਼ਿਕਰ ਕੀਤਾ ਹੈ, ਜਿਸ 'ਚ ਦਾਅਵਾ ਕੀਤਾ ਗਿਆ ਹੈ ਕਿ ਕੈਥੋਲਿਕ ਚਰਚ ਕੋਲ ਦੇਸ਼ ਵਿੱਚ ਸਭ ਤੋਂ ਵੱਧ ਜ਼ਮੀਨ ਹੈ। ਲੇਖ ਮੁਤਾਬਕ ਕੈਥੋਲਿਕ ਅਦਾਰਿਆਂ ਕੋਲ 7 ਕਰੋੜ ਹੈਕਟੇਅਰ ਜ਼ਮੀਨ ਹੈ।

ਰਾਹੁਲ ਨੇ ਕਿਹਾ ਹੈ ਕਿ ਵਕਫ ਬਿੱਲ ਅਜੇ ਮੁਸਲਮਾਨਾਂ 'ਤੇ ਹਮਲਾ ਕਰਦਾ ਹੈ, ਪਰ ਭਵਿੱਖ ਵਿੱਚ ਹੋਰਨਾਂ ਭਾਈਚਾਰਿਆਂ ਨੂੰ ਨਿਸ਼ਾਨਾ ਬਣਾਉਣ ਲਈ ਇੱਕ ਮਿਸਾਲ ਕਾਇਮ ਕਰਦਾ ਹੈ।

ਮੋਦੀ ਸਰਕਾਰ ਦਾ ਧਿਆਨ ਕੈਥੋਲਿਕ ਚਰਚ ਦੀ ਜ਼ਮੀਨ ਵੱਲ ਦਿਵਾਉਦਿਆਂ 'ਭਾਰਤ ਵਿੱਚ ਕਿਸ ਕੋਲ ਸਭ ਤੋਂ ਵੱਧ ਜ਼ਮੀਨ? ਕੈਥੋਲਿਕ ਚਰਚ ਬਨਾਮ ਵਕਫ ਬੋਰਡ ਬਹਿਸ' ਸਿਰਲੇਖ ਵਾਲੇ ਲੇਖ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਕੈਥੋਲਿਕ ਅਦਾਰਿਆਂ ਕੋਲ ਸਭ ਤੋਂ ਵੱਧ 7 ਕਰੋੜ ਹੈਕਟੇਅਰ ਜ਼ਮੀਨ ਹੈ ਤੇ ਉਹ ਸਭ ਤੋਂ ਵੱਡੇ ਗੈਰ-ਸਰਕਾਰੀ ਜ਼ਮੀਨ ਮਾਲਕ ਹਨ।

ਸਸ਼ਾਂਕ ਕੁਮਾਰ ਦਿਵੇਦੀ ਵੱਲੋਂ ਲਿਖੇ ਗਏ ਲੇਖ ਵਿੱਚ ਕਿਹਾ ਗਿਆ ਹੈ ਕਿ ਸਰਕਾਰ ਦੀ ਜ਼ਮੀਨ ਦੀ ਜਾਣਕਾਰੀ ਦਿੰਦੀ ਵੈੱਬਸਾਈਟ ਮੁਤਾਬਕ ਫਰਵਰੀ 2021 ਵਿੱਚ ਭਾਰਤ ਸਰਕਾਰ ਕੋਲ ਅੰਦਾਜ਼ਨ 15531 ਵਰਗ ਕਿਲੋਮੀਟਰ ਜ਼ਮੀਨ ਸੀ, ਜਦਕਿ ਵਕਫ ਬੋਰਡ ਕੋਲ ਵੱਖ-ਵੱਖ ਰਾਜਾਂ ਵਿੱਚ ਕਾਫੀ ਜ਼ਮੀਨ ਹੈ, ਪਰ ਇਹ ਭਾਰਤ 'ਚ ਕੈਥੋਲਿਕ ਚਰਚ ਦੀ ਮਾਲਕੀ ਵਾਲੀ ਜ਼ਮੀਨ ਨਾਲੋਂ ਵੱਧ ਨਹੀਂ।

ਰਿਪੋਰਟਾਂ ਦੱਸਦੀਆਂ ਹਨ ਕਿ ਕੈਥੋਲਿਕ ਚਰਚਾਂ ਕੋਲ ਕਰੀਬ 7 ਕਰੋੜ ਹੈਕਟੇਅਰ (17.29 ਕਰੋੜ ਏਕੜ) ਜ਼ਮੀਨ ਹੈ। ਇਸ ਦੀ ਕੀਮਤ ਕਰੀਬ 20 ਹਜ਼ਾਰ ਕਰੋੜ ਰੁਪਏ ਬਣਦੀ ਹੈ, ਜਿਹੜੀ ਚਰਚ ਨੂੰ ਵੱਡਾ ਰੀਅਲ ਅਸਟੇਟ ਮਾਲਕ ਬਣਾਉਦੀ ਹੈ।

ਆਰ ਐੱਸ ਐੱਸ ਤੇ ਭਾਜਪਾ ਈਸਾਈ ਮਿਸ਼ਨਰੀਆਂ 'ਤੇ ਧਰਮ ਪਰਿਵਰਤਨ ਦਾ ਦੋਸ਼ ਲਾਉਦੇ ਆਏ ਹਨ, ਪਰ ਪਿੱਛੇ ਜਿਹੇ ਤੋਂ ਉੱਤਰ-ਪੂਰਬੀ ਰਾਜਾਂ, ਕੇਰਲਾ ਤੇ ਗੋਆ ਵਿੱਚ ਈਸਾਈਆਂ ਦੀਆਂ ਵੋਟਾਂ ਲੈਣ ਖਾਤਰ ਇਸ ਮੁੱਦੇ ਨੂੰ ਪਾਸੇ ਰੱਖਦੇ ਆਏ ਹਨ। ਲੇਖ ਵਿੱਚ ਜ਼ਿਕਰ ਕੀਤਾ ਗਿਆ ਹੈ ਕਿ ਕੈਥੋਲਿਕ ਅਦਾਰਿਆਂ ਕੋਲ ਜ਼ਿਆਦਾਤਰ ਜ਼ਮੀਨ ਬ੍ਰਿਟਿਸ਼ ਸ਼ਾਸਨ ਦੌਰਾਨ ਭਾਰਤੀ ਚਰਚ ਕਾਨੂੰਨ 1927 ਦੇ ਤਹਿਤ ਐਕਆਇਰ ਕੀਤੀ ਗਈ ਹੈ। ਇਸ ਵਿੱਚ 1965 ਦੇ ਸਰਕਾਰੀ ਆਦੇਸ਼ ਦਾ ਹਵਾਲਾ ਦਿੱਤਾ ਗਿਆ ਹੈ, ਜਿਸ ਵਿੱਚ ਕਿਹਾ ਗਿਆ ਸੀ ਕਿ ਬਸਤੀਵਾਦੀ ਕਾਲ ਦੌਰਾਨ ਪਟੇ 'ਤੇ ਦਿੱਤੀ ਗਈ ਜ਼ਮੀਨ ਨੂੰ ਹੁਣ ਚਰਚ ਦੀ ਸੰਪਤੀ ਨਹੀਂ ਮੰਨਿਆ ਜਾਵੇਗਾ। ਲੇਖ ਮੁਤਾਬਕ ਇਹ ਜ਼ਮੀਨਾਂ ਵਾਪਸ ਲੈਣ ਲਈ 1965 ਦੇ ਆਦੇਸ਼ ਨੂੰ ਸਹੀ ਤਰ੍ਹਾਂ ਲਾਗੂ ਨਹੀਂ ਕੀਤਾ ਗਿਆ।

# ਚਾਰ ਸਾਬਕਾ ਪੁਲਸ ਅਫਸਰਾਂ ਨੂੰ ਪੰਜ ਤੋਂ ਅੱਠ ਸਾਲ ਕੈਦ ਬਾਮੁਸ਼ੱਕਤ

ਬਠਿੰਡਾ:-ਮੁਹਾਲੀ ਦੀ ਵਿਸ਼ੇਸ਼ ਸੀ ਬੀ ਆਈ ਅਦਾਲਤ ਨੇ 2007 ਦੇ ਮੋਗਾ ਸੈਕਸ ਸਕੈਂਡਲ ਮਾਮਲੇ ਵਿੱਚ ਭ੍ਰਿਸ਼ਟਾਚਾਰ ਤੇ ਜਬਰੀ ਵਸੂਲੀ ਦੇ ਦੋਸ਼ ਵਿੱਚ ਸੋਮਵਾਰ ਮੋਗਾ ਦੇ ਤੱਤਕਾਲੀ ਐੱਸ ਐੱਸ ਪੀ ਦਵਿੰਦਰ ਸਿੰਘ ਗਰਚਾ ਤੇ ਤੱਤਕਾਲੀ ਐੱਸ ਪੀ (ਐੱਚ) ਪਰਮਦੀਪ ਸਿੰਘ ਸੰਧੂ ਨੂੰ ਪੰਜ-ਪੰਜ ਸਾਲ ਕੈਦ ਬਾਮੁਸ਼ੱਕਤ ਤੇ ਦੋ-ਦੋ ਲੱਖ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ।

ਉਨ੍ਹਾਂ ਤੋਂ ਇਲਾਵਾ ਮੋਗਾ ਥਾਣੇ ਦੇ ਤੱਤਕਾਲੀ ਐੱਸ ਐੱਚ ਓ ਇੰਸਪੈਕਟਰ ਅਮਰਜੀਤ ਸਿੰਘ ਨੂੰ ਸਾਢੇ ਛੇ ਸਾਲ ਕੈਦ ਬਾਮੁਸ਼ੱਕਤ ਤੇ ਢਾਈ ਲੱਖ ਰੁਪਏ ਜੁਰਮਾਨੇ ਅਤੇ ਤੱਤਕਾਲੀ ਐੱਸ ਐੱਚ ਓ ਸਬ-ਇੰਸਪੈਕਟਰ ਰਮਨ ਕੁਮਾਰ ਨੂੰ ਅੱਠ ਸਾਲ ਕੈਦ ਬਾਮੁਸ਼ੱਕਤ ਤੇ ਤਿੰਨ ਲੱਖ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ। ਭ੍ਰਿਸ਼ਟਾਚਾਰ ਵਿੱਚ ਸ਼ਮੂਲੀਅਤ ਤੋਂ ਇਲਾਵਾ ਰਮਨ ਕੁਮਾਰ ਨੂੰ ਜਬਰੀ ਵਸੂਲੀ ਤੇ ਅਮਰਜੀਤ ਸਿੰਘ ਨੂੰ ਜਬਰੀ ਵਸੂਲੀ ਦੀ ਕੋਸ਼ਿਸ਼ ਦਾ ਵੀ ਦੋਸ਼ੀ ਠਹਿਰਾਇਆ ਗਿਆ ਹੈ।

ਗਰਚਾ ਤੇ ਸੰਧੂ ਪੁਲਸ ਤੋਂ ਰਿਟਾਇਰ ਹੋਣ ਤੋਂ ਪਹਿਲਾਂ ਏ ਆਈ ਜੀ ਦੇ ਅਹੁਦੇ 'ਤੇ ਸਨ। ਅਮਰਜੀਤ ਸਿੰਘ ਤੇ ਰਮਨ ਕੁਮਾਰ ਡਿਸਮਿਸ ਕਰ ਦਿੱਤੇ ਗਏ ਸਨ।ਮਾਮਲੇ ਵਿੱਚ ਨਾਮਜ਼ਦ ਸਾਬਕਾ ਅਕਾਲੀ ਮੰਤਰੀ ਜਥੇਦਾਰ ਤੋਤਾ ਸਿੰਘ ਦੇ ਪੁੱਤਰ ਬਰਜਿੰਦਰ ਸਿੰਘ ਉਰਫ ਮੱਖਣ ਬਰਾੜ ਤੇ ਸੁਖਰਾਜ ਸਿੰਘ ਨੂੰ 29 ਮਾਰਚ ਨੂੰ ਸਾਰੇ ਦੋਸ਼ਾਂ ਤੋਂ ਬਰੀ ਕਰ ਦਿੱਤਾ ਗਿਆ ਸੀ।ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਹੁਕਮਾਂ 'ਤੇ ਸੀ ਬੀ ਆਈ ਨੇ 11 ਦਸੰਬਰ 2007 ਨੂੰ ਪਰਚਾ ਦਰਜ ਕੀਤਾ ਸੀ।












# ਯੂਨਾਈਟਿਡ ਸਿੱਖਸ ਦੀ ਮੱਦਦ ਨਾਲ ਯੂਕੇ ਵਿਚ ਫਸੇ 2 ਪੰਜਾਬੀਆਂ ਨੂੰ ਆਪਣੇ ਪਰਿਵਾਰਾਂ ਕੋਲ ਵਾਪਿਸ ਭੇਜਿਆ



ਤਿਰਨ ਸਿੰਘ, ਸ਼ਰਨਬੀਰ ਸਿੰਘ ਸੰਘਾ ਅਤੇ ਲਖਵਿੰਦਰ ਸਿੰਘ ਪੰਨੂੰ ਪਾਸੋਂ ਨਾਜਰ ਸਿੰਘ ਅਤੇ ਪ੍ਰਮਜੀਤ ਸਿੰਘ ਲੋੜੀਂਦੇ ਦਸਤਾਵੇਜ਼ ਪ੍ਰਾਪਤ ਕਰਨ ਮੌਕੇ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ):ਸਮਾਜ ਸੇਵੀ ਸੰਸਥਾ ਯੂਨਾਈਟਿਡ ਸਿੱਖਸ ਵਲੋਂ ਦੇਸ਼ਾਂ-ਵਿਦੇਸ਼ਾਂ ਵਿਚ ਲੋੜਵੰਦਾਂ ਦੀ ਸਹਾਇਤਾ ਕੀਤੀ ਜਾਂਦੀ ਹੈ ਤੇ ਇਸ ਮਿਸ਼ਨ ਨਾਲ ਜੁੜੇ ਲੋਕ ਕਿਸੇ ਦੀ ਜਾਤ ਜਾਂ ਧਰਮ ਨਹੀਂ ਪੁਛਦੇ ਤੇ ਦਿਲ ਖੋਲ੍ਹ ਕੇ ਮਦਦ ਕਰਦੇ ਹਨ। ਪਿਛਲੇ ਲੰਬੇ ਸਮੇਂ ਤੋਂ ਯੂ ਕੇ ਵਿੱਚ ਗੈਰ ਕਾਨੂੰਨੀ ਢੰਗ ਨਾਲ ਰਹਿ ਰਹੇ ਲੋਕਾਂ ਨੂੰ ਉਹਨਾਂ ਦੇ ਪ੍ਰੀਵਾਰਾਂ ਕੋਲ ਵਾਪਿਸ ਭੇਜਣ ਲਈ ਯੂਨਾਈਟਡ ਸਿੱਖਸ ਵੱਲੋਂ ਵੱਖ-ਵੱਖ ਨਿਯਮਾਂ ਤਹਿਤ ਦਸਤਾਵੇਜ਼ ਤਿਆਰ ਕਰਨ ਅਤੇ ਉਡਾਣਾਂ ਤੱਕ ਦੇ ਪ੍ਰਬੰਧ ਕਰਨ ਦੀ ਮਦਦ ਕੀਤੀ ਜਾਂਦੀ ਹੈ।ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਪਾਰਕ ਐਵੇਨਿਊ, ਸਾਊਥਾਲ ਵਿਖੇ ਹਰ ਹਫ਼ਤੇ ਲੋੜਵੰਦਾਂ ਦੀ ਮਦਦ ਕਰਨ ਵਾਲੀ ਯੂਨਾਈਟਡ ਸਿੱਖਸ ਦੀ ਕਾਰਕੁੰਨ ਨਰਪਿੰਦਰ ਕੌਰ ਮਾਨ ਨੇ ਦੱਸਿਆ ਕਿ ਗੈਰਕਾਨੂੰਨੀ ਢੰਗ ਨਾਲ ਰਹਿੰਦੇ ਲੋਕਾਂ ਨੂੰ ਬਹੁਤ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਉਹ ਲੋਕ ਨਾ ਤਾਂ ਖੁਲ੍ਹ ਕੇ ਕੰਮ ਕਰ ਸਕਦੇ ਹਨ ਤੇ ਨਾ ਹੀ ਕਿਸੇ ਨੂੰ ਮਿਲ ਸਕਦੇ ਹਨ। ਅਜੇਹੇ ਲੋਕਾਂ ਕੋਲ ਗੁੰਮਨਾਮ ਜ਼ਿੰਦਗੀ ਜਿਉਣ ਤੋਂ ਇਲਾਵਾ ਕੋਈ ਚਾਰਾ ਨਹੀਂ ਹੁੰਦਾ ।ਯੂਨਾਈਟਿਡ ਸਿੱਖਸ ਨੇ ਬੀਤੇ ਦਿਨੀ ਦੋ ਵਿਅਕਤੀਆਂ ਦੀ ਸਹਾਇਤਾ ਕੀਤੀ ਹੈ। ਜਿਹਨਾਂ ਵਿੱਚੋਂ, ਨਾਜਰ ਸਿੰਘ ਜੋ 2006 ਵਿਚ ਗ਼ੈਰ ਕਾਨੂੰਨੀ ਢੰਗ ਨਾਲ ਯੂ.ਕੇ ਪਹੁੰਚਿਆ ਸੀ ਜਿਸਦਾ ਪਾਸਪੋਰਟ ਤੇ ਹੋਰ ਸਬੰਧਤ ਕਾਗ਼ਜ਼ ਇੱਕ ਏਜੰਟ ਲੈ ਕੇ ਫ਼ਰਾਰ ਹੋ ਗਿਆ।ਇਸੇ ਤਰ੍ਹਾਂ ਦੂਜਾ ਵਿਅਕਤੀ ਪਰਮਜੀਤ ਸਿੰਘ ਜੋ 2007 ਵਿਚ ਇਥੇ ਪਹੁੰਚਿਆ ਸੀ,ਦੋਹਾਂ ਨੂੰ ਸਿਹਤ ਸਬੰਧੀ ਕਈ ਸਮੱਸਿਆਵਾਂ ਨਾਲ ਜੂਝਣਾ ਪੈ ਰਿਹਾ ਸੀ।ਹੁਣ ਯੂਨਾਈਟਿਡ ਸਿੱਖਸ ਨੇ ਉਨ੍ਹਾਂ ਦਾ ਕੇਸ ਅਧਿਕਾਰੀਆਂ ਸਾਹਮਣੇ ਰੱਖਿਆ ਤੇ ਉਨ੍ਹਾਂ ਨੂੰ ਹਰ ਪ੍ਰਕਾਰ ਦੀ ਮਦਦ ਪ੍ਰਦਾਨ ਕੀਤੀ ਗਈ ਅਤੇ ਉਨ੍ਹਾਂ ਨੂੰ ਸਨਮਾਨ ਸਾਹਿਤ ਯੂ.ਕੇ ਤੋਂ ਅਪਣੇ ਪਰਵਾਰਾਂ ਕੋਲ ਪੰਜਾਬ ਭੇਜਿਆ ਗਿਆ। ਇਸ ਦੇ ਨਾਲ ਹੀ ਮੁੜ ਵਸੇਬਾ ਸਕੀਮ ਤਹਿਤ ਦੋਵਾਂ ਨੂੰ 3-3 ਲੱਖ ਰੁਪਏ ਤੋਂ ਵੱਧ ਦੀ ਵਿੱਤੀ ਸਹਾਇਤਾ ਵੀ ਦਿੱਤੀ ਗਈ। ਨਾਜਰ ਸਿੰਘ ਅਤੇ ਪ੍ਰਮਜੀਤ ਸਿੰਘ ਦੀ ਵਤਨ ਵਾਪਸੀ ਮੌਕੇ ਗੁਰਦੁਆਰਾ ਸਾਹਿਬ ਦੇ ਸੇਵਾਦਾਰ ਤਿਰਨ ਸਿੰਘ, ਸ਼ਰਨਬੀਰ ਸਿੰਘ ਸੰਘਾ ਅਤੇ ਲਖਵਿੰਦਰ ਸਿੰਘ ਪੰਨੂੰ ਯੂਨਾਈਟਿਡ ਸਿੱਖਸ ਨੇ ਦੱਸਿਆ ਕਿ ਨਰਪਿੰਦਰ ਕੌਰ ਮਾਨ ਅਤੇ ਉਨ੍ਹਾਂ ਦੀ ਟੀਮ ਦੀਆਂ ਅਣਥੱਕ ਸੇਵਾਵਾਂ ਦਾ ਬਹੁਤ ਲੋਕ ਲਾਭ ਪ੍ਰਾਪਤ ਕਰ ਚੁੱਕੇ ਹਨ।

# ਠਾਣੇ ਜ਼ਿਲ੍ਹੇ ’ਚ ਭਾਜਪਾ ਆਗੂ ਦਾ ਦਫ਼ਤਰ ਤੋੜਿਆ

ਠਾਣੇ:-ਮਹਾਰਾਸ਼ਟਰ ਦੇ ਠਾਣੇ ਜ਼ਿਲ੍ਹੇ ’ਚ ਕੁਝ ਲੋਕਾਂ ਨੇ ਕਥਿਤ ਤੌਰ ’ਤੇ ਭਾਜਪਾ ਦੇ ਇੱਕ ਸਥਾਨਕ ਆਗੂ ਦੇ ਦਫ਼ਤਰ ’ਚ ਭੰਨ-ਤੋੜ ਕੀਤੀ ਅਤੇ ਇੱਥੇ ਕੰਮ ਕਰਦੇ ਇੱਕ ਵਿਅਕਤੀ ’ਤੇ ਹਮਲਾ ਕੀਤਾ। ਇਹ ਜਾਣਕਾਰੀ ਪੁਲੀਸ ਨੇ ਦਿੱਤੀ। ਇਹ ਹਮਲਾ ਲੰਘੀ ਰਾਤ ਅੰਬਰਨਾਥ (ਪੂਰਬ) ਇਲਾਕੇ ’ਚ ਸਾਬਕਾ ਭਾਜਪਾ ਕੌਂਸਲਰ ਰਾਜੂ ਮਹਾਦਿਕ ਦੇ ਦਫ਼ਤਰ ’ਤੇ ਹੋਇਆ। ਅਧਿਕਾਰੀ ਨੇ ਦੱਸਿਆ ਕਿ ਆਸ਼ੂਤੋਸ਼ ਕਾਰਲੇ ਉਰਫ਼ ਡਾਕਿਆ (23) ਅਤੇ ਗਨੀ ਰਫੀਕ ਸ਼ੇਖ (25) ਦੀ ਅਗਵਾਈ ਹੇਠ 10-12 ਵਿਅਕਤੀ ਤਲਵਾਰਾਂ ਲੈ ਕੇ ਜਬਰੀ ਦਫ਼ਤਰ ਅੰਦਰ ਦਾਖਲ ਹੋ ਗਏ। ਉਨ੍ਹਾਂ ਦਫ਼ਤਰ ਦੀ ਭੰਨ-ਤੋੜ ਕੀਤੀ ਅਤੇ ਇੱਥੇ ਕੰਮ ਕਰਦੇ ਕ੍ਰਿਸ਼ਨਾ ਗੁਪਤਾ (22) ਦੀ ਕੁੱਟਮਾਰ ਕੀਤੀ। ਇਹ ਘਟਨਾ ਸੀਸੀਟੀਵੀ ਕੈਮਰਿਆਂ ’ਚ ਕੈਦ ਹੋ ਗਈ ਹੈ। ਕ੍ਰਿਸ਼ਨਾ ਗੁਪਤਾ ਦੀ ਸ਼ਿਕਾਇਤ ’ਤੇ ਕੇਸ ਦਰਜ ਕੀਤਾ ਗਿਆ ਹੈ।

FIXMAN
GLASS REPAIR LTD
Auto
Residential
Commercial
"We Are The Clear Choice"
GLASS EXPRESS
Windshield Repair & Replacement
We do ICBC and Private Claims in Cars, Vans, SUV, Trucks & Taxis and Offer Mobile Service
• ਆਈ ਸੀ ਬੀ ਸੀ ਅਤੇ ਪ੍ਰਾਈਵੇਟ ਕਲੇਮ • ਕਾਰੀਗਿਰੀ, ਲੀਕਸ ਅਤੇ ਰਾਕ ਚਿਪਸ ਤੇ
• ਲਾਈਫਟਾਈਮ ਵਾਰੰਟੀ • ਮੋਬਾਈਲ ਸਰਵਿਸ • ਬੱਗ ਸਕਰੀਨ ਵੀ ਲਾਉਂਦੇ ਹਾਂ
• ਕਾਰ ਨੂੰ ਮੁਫ਼ਤ ਸਾਫ ਕਰਦੇ ਹਾਂ • ਚੱਕਣ ਅਤੇ ਛੱਡਣ ਦਾ ਵੀ ਪ੍ਰਬੰਧ ਹੈ
2 Locations Serves You
SURREY
#301-14640-64Ave Surrey
Ph:604-657-0003
LANGLEY
#102-5968 205A St
Ph:778-258-3000

Mandeep Dhaliwal
www.fixmanglass.com Email:fixmanglass@gmail.com

ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ
www.singhsabhasurrey.com
8115, 132 ਸਟਰੀਟ, ਸਰੀ, ਬੀ.ਸੀ. V3W 4N5

ਗੁਰਦੁਆਰਾ ਸਾਹਿਬ ਦੇ ਹਰ ਰੋਜ਼ ਦੇ ਪ੍ਰੋਗਰਾਮ
ਸਵੇਰੇ
ਦਰਵਾਜ਼ੇ ਖੁੱਲ੍ਹਣ ਦਾ ਸਮਾਂ ਅਤੇ ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ ਜੀ: 4.00 ਵਜੇ
ਸਹਿਜ ਪਾਠ:4.30-6.00 ਵਜੇ
ਆਸਾ ਕੀ ਵਾਰ: 6.00-7.45
ਅਰਦਾਸ/ਹੁਕਮਨਾਮਾ:7.45-8.00 ਵਜੇ
ਕਥਾ ਹੁਕਮਨਾਮਾ: 8:00-8:30 ਵਜੇ
ਕੀਰਤਨ:8.30-9.40 ਵਜੇ
ਕਥਾ:9.40-10.30 ਵਜੇ
ਢਾਡੀ:10.30-11.30
ਸਮਾਪਤੀ
ਸ਼ਾਮ ਦੇ ਦੀਵਾਨ
ਚੌਂਕੀ ਸੋਦਰ: 4.30-5.00
ਪਾਠ ਸੋਦਰ:5.00-5.30
ਗੁਰਬਾਣੀ ਕੀਰਤਨ:5.30-6.40
ਕਥਾ:6.40-7.15
ਢਾਡੀ:7.15-8.00
ਸਮਾਪਤੀ

ਸੁਖਮਨੀ ਸਾਹਿਬ ਦਾ ਪਾਠ ਅਤੇ ਸਿਮਰਨ
ਬੀਬੀਆਂ ਵੱਲੋਂ ਸੁਖਮਨੀ ਸਾਹਿਬ ਦੇ ਪਾਠ: ਹਰ ਮੰਗਲਵਾਰ 11.30 ਤੋਂ 1.30 ਵਜੇ ਤੱਕ



ਇਸ ਹਫਤੇ ਗੁਰਦਵਾਰਾ ਸਾਹਿਬ ਵਿਖੇ ਜਨਮ ਦਿਹਾੜਾ ਸਾਹਿਬਜਾਦਾ ਜੁਝਾਰ ਸਿੰਘ ਦਾ ਮਨਾਇਆ ਜਾਵੇਗਾ ਅਤੇ 4 ਅਖੰਡਪਾਠ ਸਾਹਿਬ ਦੀ ਸੇਵਾ ਹੋਵੇਗੀ:
1. ਕਾਸਾ ਲੈਂਡਸਕੇਪ ਦੇ ਸੇਵਾਦਾਰਾਂ ਵੱਲੋਂ 2. ਭਾਈ ਬਲਦੇਵ ਸਿੰਘ ਅਤੇ ਭਾਈ ਸਰਬਜੀਤ ਸਿੰਘ ਥਿੰਦ ਪਰਿਵਾਰ ਵੱਲੋਂ 3. ਭਾਈ ਜੁਗਿੰਦਰ ਸਿੰਘ ਪਰਿਵਾਰ ਵੱਲੋਂ 4. ਭਾਈ ਪਰਮਜੀਤ ਸਿੰਘ ਪਰਿਵਾਰ ਵੱਲੋਂ
ਇਹ ਅਖੰਡਪਾਠ ਸਾਹਿਬ 11 ਅਪ੍ਰੈਲ ਦਿਨ ਸ਼ੁੱਕਰਵਾਰ ਸਵੇਰੇ 9.30 ਵਜੇ ਆਰੰਭ ਹੋਣਗੇ ਅਤੇ ਭੋਗ 13 ਅਪ੍ਰੈਲ ਦਿਨ ਐਤਵਾਰ ਸਵੇਰੇ 9.30 ਵਜੇ ਪਾਏ ਜਾਣਗੇ। ਉਪਰੰਤ ਖੁੱਲ੍ਹੇ ਦੀਵਾਨ ਸਜਣਗੇ ਅਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ।
*11 ਅਪ੍ਰੈਲ ਦਿਨ ਸ਼ੁੱਕਰਵਾਰ ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ 2 ਪਰਿਵਾਰਾਂ ਵੱਲੋਂ ਹੋਵੇਗੀ
1)ਭਾਈ ਜਸਪਾਲ ਸਿੰਘ ਪੱਢਾ ਪਰਿਵਾਰ 2)ਬੀਬੀ ਗਿਆਨ ਕੌਰ ਧਾਲੀਵਾਲ ਪਰਿਵਾਰ ਵੱਲੋਂ
*12 ਅਪ੍ਰੈਲ ਦਿਨ ਸ਼ਨਿੱਚਰਵਾਰ ਸਵੇਰੇ 11 ਵਜੇ ਸਵ. ਬੀਬੀ ਸੁਰਜੀਤ ਕੌਰ ਚੌਕੜੀਆ ਦਾ ਰਿਵਰ ਸਾਈਡ ਡੈਲਟਾ ਵਿਖੇ ਅੰਤਮ ਸਸਕਾਰ ਹੋਵੇਗਾ। ਉਪਰੰਤ ਗੁਰੂਘਰ ਵਿਖੇ ਸਹਿਜ ਪਾਠ ਦੇ ਭੋਗ ਤੇ ਅੰਤਮ ਅਰਦਾਸ ਦੁਪਹਿਰ 12.30 ਵਜੇ ਹੋਵੇਗੀ।
*12 ਅਪ੍ਰੈਲ ਦਿਨ ਸ਼ਨਿੱਚਰਵਾਰ ਦੁਪਹਿਰ 12.30 ਵਜੇ ਸਵ. ਭਾਈ ਨਿਰਮਲ ਸਿੰਘ ਅਟਵਾਲ ਦਾ ਰਿਵਰ ਸਾਈਡ ਡੈਲਟਾ ਵਿਖੇ ਅੰਤਮ ਸਸਕਾਰ ਹੋਵੇਗਾ। ਉਪਰੰਤ ਗੁਰੂਘਰ ਵਿਖੇ ਸਹਿਜ ਪਾਠ ਦੇ ਭੋਗ ਤੇ ਅੰਤਮ ਅਰਦਾਸ ਦੁਪਹਿਰ 2 ਵਜੇ ਹੋਵੇਗੀ।
*12 ਅਪ੍ਰੈਲ ਦਿਨ ਸ਼ਨਿੱਚਰਵਾਰ ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ 2 ਪਰਿਵਾਰਾਂ ਵੱਲੋਂ ਹੋਵੇਗੀ: 1. ਭਾਈ ਸਰਬਜੀਤ ਸਿੰਘ ਸਰਾਏ ਪਰਿਵਾਰ ਵੱਲੋਂ ਆਪਣੀ ਪੋਤਰੀ ਤੀਰਥ ਕੌਰ ਸਰਾਏ ਦੇ ਜਨਮ ਦੀ ਖੁਸ਼ੀ ਵਿਚ 2. ਭਾਈ ਦਲਜੀਤ ਸਿੰਘ ਵਿਰਕ ਪਰਿਵਾਰ ਵੱਲੋਂ
*13 ਅਪ੍ਰੈਲ ਦਿਨ ਐਤਵਾਰ ਸਵੇਰੇ 9.30 ਵਜੇ ਕੀਰਤਨ ਅਤੇ ਲੰਗਰਾਂ ਦੀ ਸੇਵਾ 3 ਪਰਿਵਾਰਾਂ ਵੱਲੋਂ ਹੋਵੇਗੀ 1. ਭਾਈ ਨਿਰਮਲਜੀਤ ਸਿੰਘ ਸੰਘਾ ਪਰਿਵਾਰ ਵੱਲੋਂ ਆਪਣੀ ਬੇਟੀ ਅਵਲੀਨ ਕੌਰ ਦੇ 16ਵੇਂ ਜਨਮ ਦੀ ਖੁਸ਼ੀ ਵਿਚ 2. ਭਾਈ ਸਰਬਜੀਤ ਸਿੰਘ ਬੁਰਿਆਨ ਪਰਿਵਾਰ ਵੱਲੋਂ 3. ਭਾਈ ਅਮਰਦੀਪ ਸਿੰਘ ਸੰਘਾ ਪਰਿਵਾਰ ਵੱਲੋਂ
*13 ਅਪ੍ਰੈਲ ਦਿਨ ਐਤਵਾਰ ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ 4 ਪਰਿਵਾਰਾਂ ਵੱਲੋਂ ਹੋਵੇਗੀ: 1. ਭਾਈ ਹਰਜੀਤ ਸਿੰਘ ਬਸਰਾ ਪਰਿਵਾਰ 2. ਭਾਈ ਨਿਸ਼ਾਨ ਸਿੰਘ ਅਤੇ ਬੀਬੀ ਮਨਪ੍ਰੀਤ ਕੌਰ ਪਰਿਵਾਰ ਵੱਲੋਂ ਬੇਟੇ ਦੇ ਜਨਮ ਦੀ ਖੁਸ਼ੀ ਵਿਚ 3. ਭਾਈ ਅਜੀਤਪਾਲ ਸਿੰਘ ਪਰਿਵਾਰ ਵੱਲੋਂ ਬੱਚੇ ਦੇ ਜਨਮ ਦੀ ਖੁਸ਼ੀ ਵਿਚ 4. ਬੀਬੀ ਸਰਬਜੀਤ ਕੌਰ ਨਾਗਰਾ ਪਰਿਵਾਰ ਵੱਲੋਂ ਸਵ. ਧੰਨਾ ਸਿੰਘ ਨਾਗਰਾ ਦੀ ਸਲਾਨਾ ਯਾਦ ਵਿਚ ਹੋਵੇਗੀ।
*14 ਅਪ੍ਰੈਲ ਦਿਨ ਸੋਮਵਾਰ ਨੂੰ ਗੁਰੂ ਨਾਨਕ ਪਾਤਸ਼ਾਹ ਦਾ ਪ੍ਰਕਾਸ਼ ਦਿਹਾੜਾ ਮਨਾਇਆ ਜਾਵੇਗਾ। ਇਸ ਸਬੰਧ ਵਿਚ ਕੀਰਤਨ ਸਜਣਗੇ ਅਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ।

ਵਿਸ਼ੇਸ਼ ਨੋਟ:ਸੋਮਵਾਰ ਤੋਂ ਵੀਰਵਾਰ ਸੰਥਿਆ ਕਲਾਸ ਅਤੇ ਵਿਆਕਰਣ ਕਲਾਸ ਸ਼ਾਮ 7-8 ਵਜੇ ਤੱਕ
ਰਾਗੀ ਜਥੇ:ਭਾਈ ਜਸਵੰਤ ਸਿੰਘ ਅੰਮ੍ਰਿਤਸਰ ਵਾਲੇ ਭਾਈ ਪ੍ਰਿਤਪਾਲ ਸਿੰਘ ਬੰਗਲਾ ਸਾਹਿਬ ਵਾਲੇ
ਕਥਾਵਾਚਕ:ਭਾਈ ਨਿਸ਼ਾਨ ਸਿੰਘ
ਢਾਡੀ ਜਥਾ:ਭਾਈ ਜਗਜੀਵਨ ਸਿੰਘ ਅਰਜਨਵਾਲ ਵਾਲੇ

ਕਿਸੇ ਪਰਿਵਾਰ ਨੇ ਕੋਈ ਵੀ ਪ੍ਰੋਗਰਾਮ ਬੁੱਕ ਕਰਵਾਉਣਾ ਹੋਵੇ ਤਾਂ ਪ੍ਰਬੰਧਕਾਂ ਨਾਲ ਸੰਪਰਕ ਕਰੋ
ਫੋਨ:604-590-3232, 604-590-3224

# ਅੰਮ੍ਰਿਤਸਰ ਵਿੱਚ ਹੋਣ ਵਾਲੀ ਗੇਅ ਪਰੇਡ ਹੋਈ ਰੱਦ

ਸ੍ਰੀ ਅੰਮ੍ਰਿਤਸਰ ਸਾਹਿਬ- ਪਾਵਨ ਨਗਰੀ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਹੋਣ ਵਾਲੀ ਗੇਅ ਪਰੇਡ ਰੱਦ ਹੋ ਗਈ ਹੈ। ਤਿੱਖੇ ਵਿਰੋਧ ਮਗਰੋਂ ਫਰਿਦਏ ਅਮਰਿਟਸਓਰ ਦੇ ਪ੍ਰਬੰਧਕਾਂ ਵੱਲੋਂ ਗੇਅ ਪਰੇਡ ਰੱਦ ਕਰਨ ਦਾ ਐਲਾਨ ਕਰ ਦਿੱਤਾ ਗਿਆ ਹੈ। ਇਹ ਪਰੇਡ 27 ਅਪ੍ਰੈਲ ਨੂੰ ਅੰਮ੍ਰਿਤਸਰ, ਰੋਜ਼ ਗਾਰਡਨ ਵਿਖੇ ਆਯੋਜਿਤ ਕੀਤੀ ਜਾਣੀ ਸੀ। ਪਰਾਈਡ ਪਰੇਡ ਦੇ ਸਮਰਥਕ ਸ਼ੋਸ਼ਲ ਮੀਡੀਆ ਤੇ ਵੀਡੀਓ ਪੋਸਟ ਕਰ ਕੇ ਇਸ ਦਾ ਪ੍ਰਚਾਰ ਕਰ ਰਹੇ ਸਨ। ਦੂਜੇ ਪਾਸੇ ਪੰਜਾਬ ਭਰ ਵਿੱਚੋਂ ਇਸ ਦਾ ਤਿੱਖਾ ਵਿਰੋਧ ਹੋਣਾ ਸ਼ੁਰੂ ਹੋ ਗਿਆ ਸੀ। ਕੁਝ ਬੁੱਧੀਜੀਵੀ ਇਸ ਨੂੰ ਪੰਜਾਬ ਖਿਲਾਫ਼ ਇੱਕ ਸੋਚੀ ਸਮਝੀ ਸਾਜ਼ਿਸ਼ ਕਰਾਰ ਦੇ ਰਹੇ ਸਨ। ਕੁਝ ਲੋਕਾਂ ਦਾ ਮੰਨਣਾ ਸੀ ਕਿ ਅਜਿਹੀ ਪਰੇਡ ਲਈ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਚੋਣ ਜਾਣਬੁੱਝ ਕੇ ਕੀਤੀ ਗਈ ਸੀ। ਸਿੱਖ ਆਗੂ ਭਾਈ ਪਰਮਜੀਤ ਸਿੰਘ ਖਾਲਸਾ ਨੇ ਗੇਅ ਪਰੇਡ ਦੀ ਮਸ਼ਹੂਰੀ ਵਾਲੀ ਵੀਡੀਓ ਸਾਂਝੀ ਕਰਦਿਆਂ ਪ੍ਰਸ਼ਾਸਨ ਨੂੰ ਚਿਤਾਵਨੀ ਭਰੇ ਲਹਿਜੇ 'ਚ ਕਿਹਾ ਕਿ ਸ੍ਰੀ ਅੰਮ੍ਰਿਤਸਰ ਪਾਵਨ ਪਵਿੱਤਰ ਧਰਤੀ ਹੈ ਤੇ ਇੱਥੇ ਇਹ ਪਰੇਡ ਕਿਸੇ ਵੀ ਕੀਮਤ 'ਤੇ ਨਹੀਂ ਹੋਵੇਗੀ। ਉਨ੍ਹਾਂ ਕਿਹਾ ਕਿ ਸਾਡੀ ਪਹਿਲੀ ਬੇਨਤੀ ਪ੍ਰਸ਼ਾਸਨ ਨੂੰ ਹੈ ਕਿ 27 ਅਪ੍ਰੈਲ ਨੂੰ ਇਹ ਪਰੇਡ ਹੋਣ ਤੋਂ ਰੋਕੋ। ਜੇ ਨਹੀਂ ਰੋਕੋਗੇ ਤਾਂ ਅਸੀਂ ਆਪ ਇਸ ਨੂੰ ਰੋਕਾਂਗੇ। ਭਾਈ ਪਰਮਜੀਤ ਸਿੰਘ ਅਕਾਲੀ ਨੇ ਇਸ ਪਰੇਡ ਦੇ ਪ੍ਰਬੰਧਕਾਂ ਨੂੰ ਵੀ ਇਹ ਪਰੇਡ ਰੱਦ ਕਰਨ ਦੀ ਅਪੀਲ ਕੀਤੀ ਸੀ। ਉਨ੍ਹਾਂ ਚੇਤਾਵਨੀ ਭਰੇ ਲਹਿਜ਼ੇ ਵਿੱਚ ਕਿਹਾ ਸੀ ਕਿ ਪਿਆਰ ਨਾਲ ਇਸ ਨੂੰ ਰੋਕ ਲਓਗੇ ਤਾਂ ਚੰਗੀ ਗੱਲ ਹੈ।

## ਟੈਪੂਆਂ ਦੀ ਤੀਜੀ ਫਸਲ

ਦੋ ਫਸਲਾਂ ਤਾਂ ਉਨ ਵਢ ਲਈਆਂ ਹੁਣ ਤੀਜੀ ਨੂੰ ਨਾ ਵਢਣ ਦੀ ਲੋੜ ਨਾ ਭਰੀਆਂ ਬੰਨਣੀਆਂ ਦੀ ਨਾ ਗਾਹੁਣੀ ਪਵੇ। ਗੋਲੀਆਂ ਵੀ ਬਦਨਾਮ ਹੋ ਗਈਆਂ ਚਿਟੇ ਦਾ ਵੀ ਰੌਲਾ ਵਧ ਗਿਆ ਹੁਣ ਉਨ ਟੈਂਪੂ ਬੀਜਣੇ ਸ਼ੁਰੂ ਕਰ ਦਿਤੇ ਅਤੇ ਹੈਰਾਨੀ ਕਿ ਮਰਦਾਂ ਦੀ ਧਰਤੀ ਉਪਰ ਟੈਪੂੰ? ਯਾਣੀ ਜਹਾਜਾਂ ਦੀ ਏਅਰਪੋਰਟ ਉਪਰ ਟੈਪੂਆਂ ਦਾ ਅਡਾ?

ਜਦ ਮੈਂ ਲਚਰ ਗਾਇਕੀ ਵਾਲਿਆਂ ਨੂੰ ਨਚਾਰ ਭੰਡ, ਮਸਖਰੇ ਜਾਂ ਕੰਜਰ-ਕੰਜਰੀਆਂ ਲਫਜ ਵਰਤਦਾਂ ਸਾਂ ਤਾਂ ਮੈਂ ਹੁਣ ਵਾਲੇ 'ਸਭਿਅਤ' ਯੁਗ ਵਿਚੋਂ ਬਾਹਰ ਹੋ ਜਾਨਾ ਯਾਣੀ ਜੰਗਲੀ ਜਾਂ ਪਿਲਛਖੋਰੀ ਜਾਂ ਅਨਪੜ੍ਹ। ਕਿਓਕਿ ਲੋਕਾਂ ਦੇ ਇਹ ਤਾਂ ਕਲਾਕਾਰ ਨੇ ਜਾਂ ਸਟਾਰ ਜਾਂ ਹੀਰੋ ਪਰ ਸਾਨੂੰ ਪਤਾ ਨਹੀ ਜਿਹੜੀ ਫਸਲ ਅਸੀਂ ਪੁੰਗਰਦੀ ਅਜ ਦੇਖ ਰਹੇ ਹਾਂ ਸ਼ੁਰੂ ਇਨਾ ਤੋਂ ਹੀ ਹੋਈ ਸੀ। ਇਸ ਫਸਲ ਦਾ ਮੁਢ ਖਾੜਕੂ ਲਹਿਰ ਤੋਂ ਬਾਅਦ ਜਸੋਵਾਲ ਦੀ ਕਮਾਂਡ ਹੇਠ ਸਭਿਆਚਰ ਮੇਲਿਆਂ ਦੇ ਨਾਂ ਤੇ ਬਧਾ ਗਿਆ ਸੀ ਅਤੇ ਇਸ ਨੂੰ ਸ਼ਹਿ ਦਿਤੀ ਸੀ ਪੰਜਾਬ ਦੇ ਕਾਮਰੇਡਾਂ। ਜੀਹਨਾ ਸਮਾਜ ਦੇ ਛਟੇ ਫੂਕੇ ਮਿਰਜੇ ਰਾਂਝੇ ਮਜਨੂੰ ਕਬਰਾਂ ਵਿਚੋਂ ਕਢ ਕਢ ਅਤੇ ਮਾਂਝ ਮਾਂਝ ਲੋਕਾਂ ਮੂਹਰੇ ਪੇਸ਼ ਕੀਤੇ।

ਲੰਡਰ ਗਾਇਕਾਂ ਪੰਜਾਬ ਦੀਆਂ ਧੀਆਂ ਦੇ ਲਕ ਮਿਣੇ ਮੈਂ ਚੁਪ ਰਿਹਾ। ਉਨ ਸਕੇਲਾਂ ਤੇ ਚਾਹੜ ਚਾਹੜ ਪੰਜਾਬ ਦੀਆਂ ਕੁੜੀਆਂ ਦੇ ਭਾਰ ਜੋਖੇ ਮੈਂ ਚੁਪ ਰਿਹਾ। ਉਨ ਨਚਦੀਆਂ ਦੀਆਂ ਬਾਹਾਂ ਫੜੀਆਂ ਚੁੰਨੀਆਂ ਲਾਹੀਆਂ ਸੜਕਾਂ ਉਪਰ ਅਗ ਬਣਾ ਕੇ ਤੋਰੀਆਂ ਮੈਂ ਚੁਪ ਰਿਹਾ ਅਤੇ ਅੰਤ ਉਹੀ ਗੰਦੇ ਛਪੜ ਉਛਲ ਉਛਲ ਜਦ ਹੁਣ ਮੇਰੇਂ ਗਲ ਤਕ ਆ ਗਏ ਤਾਂ ਮੈਨੂੰ ਫਿਕਰ ਹੋਣ ਲਗਾ ਕਿ ਇਹ ਕੀ ਹੋਣ ਲਗਾ। ਇਸ ਤੋ ਵੀ ਅਗੇ ਇਹ ਮੁਸ਼ਕਿਆ ਪਾਣੀ ਮੇਰੀਆਂ ਧਾਰਮਿਕ ਸੰਸਥਾਵਾਂ ਤਕ ਦਾ ਦਰਵਾਜਾ ਵੀ ਲੰਘ ਆਇਆ ਅਤੇ ਮੈਂ ਓਨਾ ਨੂੰ ਵੀ ਅਪਣੇ ਨਾਇਕਾਂ ਵਜੋਂ ਮਾਨਤਾ ਦੇਣ ਤੁਰ ਪਿਆ। ਮੈਨੂੰ ਖੁਦ ਉਪਰ ਕੀ ਕਦੇ ਗਿਲਾਨੀ ਨਹੀ ਹੁੰਦੀ ਕਿ ਮੈਨੂੰ ਧੁੰਮੇ ਢਡਰੀ ਵਰਗੇ ਟੈਪੂੰ ਦਸਦੇ ਰਹੇ ਕਿ ਜਿੰਦਗੀ ਦਾ ਜਹਾਜ ਕਿਵੇਂ ਉਡਾਈਦਾ। ਟਰੰਪ ਦੀਆਂ ਬਾਕੀ ਗਲਾਂ ਨਾਲ ਚਾਹੇ ਕੋਈ ਸਹਿਮਤ ਹੋਵੇ ਜਾਂ ਨਾ ਪਰ ਉਸ ਇਕ ਗਲ ਮਰਦਾਂ ਵਾਲੀ ਕੀਤੀ ਕਿ ਕੋਈ ਵਿਚ ਵਿਚਾਲਾ ਨਹੀ ਦੋ ਹੀ ਜੈਂਡਰ ਔਰਤ ਅਤੇ ਮਰਦ ਇਸ ਤੋਂ ਅਗੇ 'ਫੁਲ ਸਟਾਪ'। ਬਿਨਾ ਉਕਸੇ ਜਾਣ ਤੋਂ ਪੰਜਾਬ ਨੂੰ ਸੜਕਾਂ ਉਪਰ ਆਓਂਣਾ ਚਾਹੀਦਾ ਅਤੇ ਇਸ ਖਤਰਨਾਕ ਬਿਮਾਰੀ ਨੂੰ ਰੋਕਣਾ ਚਾਹੀਦਾ ਨਹੀ ਤਾਂ ਇਹ ਨਾ ਹੋਵੇ ਕਿ ਸਾਡੀ ਅਗਲੀ ਯਾਣੀ ਤੀਜੀ ਨਸਲ ਟੈਪੂਆਂ ਖਾਤੇ ਜਾ ਪਵੇ ਜਿਥੇ ਚੌਥੀ ਨਸਲ ਦੀ ਸੰਭਾਵਨਾ ਹੀ ਨਾ ਰਹੇ।

-ਗੁਰਦੇਵ ਸਿੰਘ ਸੱਧੇਵਾਲੀਆ

## ਮਾਡਰਨ ਹੀਰਾਂ

ਇਹ ਅਜਿਹੀਆਂ ਹੀਰਾਂ ਨੇ ਜੀਹਨਾ ਲਿੰਗ ਪਲਿੰਗ ਦੇ ਪਾੜੇ ਵੀ ਮਿਟਾ ਦਿਤੇ ਹੋਏ ਨੇ। ਮੁਛ ਵਾਲੀਆਂ ਹੀਰਾਂ, ਪਗਾਂ ਵਾਲੀਆਂ ਹੀਰਾਂ, ਮੁਤੀਆਂ ਵਾਲੀਆਂ ਹੀਰਾਂ ਦਸੋ ਕਿਵੇਂ ਦੀ ਹੀਰ ਚਾਹੀਦੀ ਕਿੱਸੇ ਅਤੇ ਖੁਲੀਆਂ ਕਵਿਤਾਵਾਂ ਲਿਖਣ ਖਾਤਰ। ਕੰਵਲ ਦਾ ਕਾਮਰੇਡ ਦੋਹਤਾ ਲਹਿੰਦੇ ਕਿ ਪਤੇ ਨਹੀ ਚੜਦੇ ਵੰਨੀ ਦੀ ਹੀਰ ਲਭਣ ਚੜਿਆ ਰਹਿੰਦਾ ਸੀ ਉਸ ਨੂੰ ਕੋਈ ਦਸੇ ਕਿ ਸ਼ੁਭ ਮੌਕਾ ਹੈ ਹੀਰਾਂ ਦੀ ਅਗਵਾਈ ਕਰਨ ਦਾ ਇਕ ਅਧੀ ਮੁਛ ਵਾਲੀ ਹੀਰ ਘਰੇ ਵੀ ਰਖ ਸਕਦਾ ਛੜਾ ਛਾਂਟ ਤਾਂ ਹੈ ਹੀ। ਚਿਰ ਦੀ ਗਲ ਐ ਅਖਬਾਰ ਵਿਚ ਮਿੰਨੀ ਕਹਾਣੀ ਦੇ ਨਾਂ ਹੇਠ ਕਹਾਣੀ ਛਪੀ ਸੀ ਕਿ ਨਵਾਂ ਨਵਾ ਬਣਿਆ ਕਾਮਰੇਡ ਕਵੀ , ਕਵੀ ਦਰਬਾਰ ਵਿਚ ਜਿਓਂ ਲਗਾ ਹੀਰ ਦੇ ਰੰਗ ਬੰਨਣ। ਕਿਸੇ ਜਦ ਕਿਹਾ ਕਿ ਇਹ ਸਮਾਜ ਦੇ ਵਿਗੜੇ ਪਾਤਰ ਨੇ ਇਨਾ ਉਪਰ ਜੋਰ ਲਾਓਂਣ ਦੀ ਕੀ ਲੋੜ ਸੀ ਤਾਂ ਆਂਹਦਾ ਇਹ ਇਸ਼ਕ ਦੀਆਂ ਪੌੜੀਆਂ ਦੇ ਆਖਰੀ ਡੰਡੇ ਚੜੇ ਵੇ ਆਸ਼ਕ ਨੇ। ਕਵੀ ਜਦ ਪਿੰਡ ਮੁੜਿਆ ਜਾ ਰਿਹਾ ਸੀ ਫਿਰਨੀ ਤੇ ਬਈਏ ਲਈ ਟਿਫਨ ਲਿਜਾਂਦੀ ਖੁਦ ਦੀ ਕੁੜੀ ਯਾਣੀ ਹੀਰ ਜਦ ਮਿਲੀ ਤਾਂ ਸੁਣਾ ਕੇ ਇਨਾਮ ਲਿਆਂਦੀ ਕਵਿਤਾ ਯਾਣੀ ਹੀਰ ਚੁਰਾਹੇ ਲੀਰਾਂ ਕਰ ਸੁਟੀ। ਟੈਪੂਆਂ ਦੀ ਗਲ ਜਦ ਚਲ ਰਹੀ ਤਾਂ ਕੋਈ ਮਾਈ ਦਾ ਲਾਲ ਹਿਕ ਤੇ ਹਥ ਧਰ ਕੇ ਆਖੇ ਕਿ ਓਹ ਖੁਸ਼ ਹੈ ਇਸ ਗਲੇ ਕਿ ਉਸ ਦੇ ਘਰੇ ਟੈਪੂੰ ਨਾਂ ਦੀ 'ਮਹਾਨ ਆਤਮਾਂ ' ਨੇ ਜਨਮ ਲਿਆ। ਮੈਂ ਹੈਰਾਨ ਹਾਂ ਕਿ ਸ਼ੁਰੂ ਤੋਂ ਹੀ ਸਾਰੀਆਂ ਚੜ ਕੇ ਆਈਆਂ ਧਾੜਾਂ ਪੰਜਾਬ ਨੂੰ ਹੀ ਕਿਓਂ ਰੋਕਣੀਆਂ ਪੈਦੀਆਂ ਰਹੀਆ। ਇਸ ਦਾ ਮਤਲਬ ਇਹ ਮੁਲਖ ਸ਼ੁਰੂ ਤੋਂ ਹੀ ਟੈਪੂਆਂ ਦਾ ਰਿਹਾ। ਪੰਜਾਬ ਵਾਲੇ ਰੌਲੇ ਤੋਂ ਪਤਾ ਲਗਾ ਕਿ ਅਜਿਹੀਆਂ ਪਰੇਡਾਂ ਦਿੱਲੀ ਜਾਂ ਹੋਰ ਵਡੇ ਸ਼ਹਿਰਾਂ ਵਿਚ ਤਾਂ ਪਹਿਲਾਂ ਤੋਂ ਹੀ ਹੁੰਦੀਆਂ ਆ ਰਹੀਆਂ ਨੇ। ਸਨਾਤਨਤਾ ਮਹਾਨ ਦੇ ਭਾਰ ਹੇਠ ਧੌਣ ਤੁੜਾਈ ਫਿਰਦੇ ਇਨਾ ਦੇ ਨਾਂਗੇ ਸਾਧਾਂ ਦੀਆਂ ਧਾੜਾਂ, ਵਿਦਵਾਨ, ਪੰਡਤ, ਜੋਤਸ਼ੀ, ਪੁਜਾਰੀ, ਵਡੇ ਵਡੇ ਭਾਸ਼ਣਾ ਵਾਲੇ ਕਥਾਵਾਂ ਵਾਲੇ ਕਿਥੇ ਰਹੇ ਕਿ ਓਨਾ ਸਾਹਵੇਂ ਮਿਲਗੋਭਿਆਂ ਦੀਆਂ ਧਾੜਾਂ ਸੜਕਾਂ ਤੇ ਜਲੂਸ ਕਢਦੀਆਂ ਫਿਰ ਰਹੀਆਂ ਨੇ। ਓਨਾ ਦੀ ਖਾਧੀ ਕੜੀ ਤੁਹਾਡੀਆਂ ਵਿਹਲੀਆਂ ਪਾਲੀਆਂ ਹੋਈਆਂ ਵਿਦਵਾਨਾਂ, ਗਿਆਨੀਆਂ, ਡੇਰਿਆਂ, ਰਾਗੀਆਂ, ਗਰੰਥੀਆਂ, ਪ੍ਰਚਾਰਕਾਂ, ਕਵੀਸ਼ਰਾਂ, ਢਾਡੀਆਂ , ਸਾਧਾਂ, ਬ੍ਰਹਮ ਗਿਆਨੀਆਂ ਦੀਆਂ ਧਾੜਾਂ ਕਿਥੇ ਨੇ ਕਿ ਮਰਦਾਂ ਦੀ ਧਰਤੀ ਉਪਰ ਖੁਸਰੇ ਲੁਡੀਆਂ ਪਾਓਂਣ ਆ ਰਹੇ ਨੇ। ਕੁਝ ਇਕ ਨਹੰਗਾਂ ਨੂੰ ਛਡ ਬਾਕੀ ਬੋਲੇ ਸੋ ਨਿਹਾਲੀਏ ਕਿਥੇ ਨੇ। ਆਮ ਲੋਕ ਖਫਾ ਕਿ ਮਕੇ ਵਿਚ ਕੁਫਰ ਹੋਣ ਜਾ ਰਿਹਾ ਪਰ ਗੁਰੂ ਘਰ ਦੇ ਟੁਕਰਾਂ ਤੇ ਪਲਣ ਵਲਿਆਂ ਦੀ ਕੀ ਜਿੰਮੇਵਾਰੀ ਹੋਈ। ਅਤੇ ਇਹ ਪਕੀ ਗਲ ਕਿ ਜੇ ਇਹ ਸਾਰੇ ਈਮਾਨਦਾਰੀ ਨਾਲ ਬਾਹਰ ਨਿਕਲ ਆਓਂਣ ਤਾਂ ਕਿਸੇ ਵੀ ਹੋਣ ਵਾਲੀ ਸੰਭਾਵਤ ਦੁਰਘਟਨਾ ਤੋਂ ਬਚਿਆ ਜਾ ਸਕਦਾ ਹੈ ਕਿਓਕਿ ਅਜਿਹੀਆਂ ਪਰੇਡਾਂ ਹੋਣ ਦੀ ਸੰਭਾਵਨਾ ਹੀ ਨਹੀ ਰਹਿੰਦੀ ਅਤੇ ਯਾਦ ਰਖਣਾ ਸਿਖਾਂ ਦੇ ਗੜ ਯਾਣੀ ਅੰਮ੍ਰਿਤਸਰ ਵਿਚ ਜੇ ਇਹ ਹੋ ਗਿਆ ਤਾਂ ਭਵਿੱਖ ਵਿਚ ਇਸ ਤੋਂ ਵੀ ਕੁਝ ਵਡਾ ਹੋਣ ਦੀ ਸੰਭਾਵਨਾ ਨੂੰ ਰੱਦ ਨਹੀ ਕੀਤਾ ਜਾ ਸਕਦਾ।

-ਗੁਰਦੇਵ ਸਿੰਘ ਸੱਧੇਵਾਲੀਆ

## ਮਾਨਸੀ ਘੋਸ਼ ਨੇ ਜਿੱਤਿਆ ਇੰਡੀਅਨ ਆਈਡਲ 15 ਦਾ ਖਿਤਾਬ

ਮੁੰਬਈ:-6 ਅਪ੍ਰੈਲ ਨੂੰ ਪ੍ਰਸਿੱਧ ਸਿੰਗਿੰਗ ਰਿਐਲਿਟੀ ਸ਼ੋਅ ਇੰਡੀਅਨ ਆਈਡਲ ਦੇ 15ਵੇਂ ਸੀਜ਼ਨ ਦਾ ਗ੍ਰੈਂਡ ਫਿਨਾਲੇ ਹੋਇਆ, ਜਿਸ 'ਚ ਕੋਲਕਾਤਾ ਦੀ ਮਾਨਸੀ ਘੋਸ਼ ਨੇ ਤਾਜ ਆਪਣੇ ਨਾਮ ਕਰ ਲਿਆ। 24 ਸਾਲ ਦੀ ਮਾਨਸੀ ਨੇ ਆਪਣੀ ਬੇਮਿਸਾਲ ਆਵਾਜ਼ ਨਾਲ ਨਾਂ ਕੇਵਲ ਜੱਜਾਂ, ਸਗੋਂ ਦਰਸ਼ਕਾਂ ਦੇ ਦਿਲ ਵੀ ਜਿੱਤ ਲਏ। ਮਾਨਸੀ ਪੱਛਮੀ ਬੰਗਾਲ ਦੀ ਰਾਜਧਾਨੀ ਕੋਲਕਾਤਾ ਤੋਂ ਸਬੰਧਤ ਹੈ। ਬਚਪਨ ਤੋਂ ਹੀ ਗਾਇਕੀ ਲਈ ਪਿਆਰ ਰੱਖਣ ਵਾਲੀ ਮਾਨਸੀ ਨੇ ਹੌਸਲੇ ਅਤੇ ਸਟੇਜ 'ਤੇ ਕਮਾਲ ਕਰਦਿਆਂ ਇਹ ਸਿੱਧ ਕਰ ਦਿੱਤਾ ਕਿ ਉਹ ਸੰਗੀਤ ਦੀ ਦੁਨੀਆ ਵਿੱਚ ਲੰਮਾਂ ਸਮਾਂ ਛਾਏਗੀ ਹੈ। ਉਸ ਦੇ ਪਿਤਾ ਨੇ ਦੱਸਿਆ ਕਿ ਮਾਨਸੀ ਨੇ ਨਿਰੰਤਰ ਮਿਹਨਤ ਕਰਦਿਆਂ ਘਰੇਲੂ ਵਿੱਤੀ ਜ਼ਿੰਮੇਵਾਰੀਆਂ ਵੀ ਨਿਭਾਈਆਂ ਹਨ ਅਤੇ ਭਵਿੱਖ 'ਚ ਆਪਣੇ ਪਰਿਵਾਰ ਲਈ ਘਰ ਖਰੀਦਣ ਦਾ ਵੀ ਸੁਪਨਾ ਰੱਖਦੀ ਹੈ।








# Home Improvement


## A-CLASS Appliance Rep.

*Stove *Fridges
*Washer *Dryers
*Dishwasher *Freezer
*Garburator *Hot Water Tank
*Hot Water Heating Furnace



GURJIT
CERTIFIED TECHNICIAN
(24Hrs)

Off: 604-543-6239
#103-12465-82Ave Surrey, BC

## A-CLASS Electric Ltd.

*House *Commercial *Industrial *Renovation
*Town Houses Wiring *Build-In Vaccum
*Security System & Monitoring
*Intercom's Video Monitored Intercom

FREE ESTIMATES

Cell: 604-351-2538
Tel:604-596-5474



CLASS "A" CERTIFIED & LICENCED ELECTRICIANS
MANJIT

## ਸੰਦਲ ਰੈਨੋਵੇਸ਼ਨ

Your's Complete Home Renovation

* ਫਰੇਮਿੰਗ
* ਡਰਾਈਵਾਲ
* ਪੇਂਟਿੰਗ
* ਟਾਈਲਜ਼
* ਲੈਮੀਨੇਟ
* ਇਲੈਕਟ੍ਰੀਕਲ
* ਪਲਬਿੰਗ
* ਕਾਰਪੈਟ
* ਰੂਫਿੰਗ ਦਾ ਕੰਮ
* ਸਨਡੈਕ ਦੀ ਰਿਪੇਅਰ

ਮੁਫਤ ਐਸਟੀਮੇਟ ਲਈ ਸੰਪਰਕ ਕਰੋ

ਭਿੰਦਰ: 604-725-6270

ਅਸੀਂ ਪੂਰੇ ਘਰ ਦੀ ਰੈਨੋਵੇਸ਼ਨ ਸਮੇਤ ਪਲਬਿੰਗ, ਹੀਟਿੰਗ, ਇਲੈਕਟ੍ਰੀਕਲ ਆਦਿ ਬਹੁਤ ਵਾਜਿਬ ਕੀਮਤਾਂ 'ਤੇ ਕਰਦੇ ਹਾਂ

## ਲੱਖੀ ਰੈਨੋਵੇਸ਼ਨ

• ਵਾਸ਼ਰੂਮ ਅਤੇ ਕਿਚਨ ਦੀ ਰੈਨੋਵੇਸ਼ਨ
• ਬੇਸਮੈਂਟ ਦੀ ਰੈਨੋਵੇਸ਼ਨ
• ਡੋਰ ਐਂਡ ਮੋਲਡਿੰਗ
• ਵਲੇਮੀਨੇਟ ਫਲੋਰਿੰਗ ਅਤੇ ਬੇਸਬੋਰਡ
• ਫਲੋਰ ਅਤੇ ਵਾਲ ਟਾਈਲਜ਼
• ਪੁਰਾਣਾ ਅਤੇ ਨਵਾਂ ਪੁਰਾਣਾ ਸਨਡੈਕ
• ਘਰ ਨੂੰ ਵਧਾਉਣਾ
• ਪੇਂਟਿੰਗ
• ਕਾਰਪੇਂਟਰੀ
• ਪੌੜੀਆਂ
• ਫਿਨਸ਼ਿੰਗ
• ਫਰੇਮਿੰਗ



15 ਸਾਲਾ ਦਾ ਤਜ਼ਰਬਾ

ਹੋਰ ਜਾਣਕਾਰੀ ਲਈ ਫੋਨ ਕਰੋ :
ਪੂਰਾ ਕੰਮ ਸਮੇਂ ਅਤੇ ਵਾਜਿਬ ਰੇਟ 'ਤੇ ਗਰੰਟੀ ਨਾਲ ਕਰਦੇ ਹਾਂ

ਅਸੀਂ ਤਸੱਲੀਬਖ਼ਸ਼ ਕੰਮ ਕਰਦੇ ਹਾਂ

ਲੱਖਵਿੰਦਰ ਸੈਂਹਬੀ : 604-621-0206
lakhwindersembhi@yahoo.ca

## DAWN RENOVATION

Commercial & Residential

ਹਰ ਤਰ੍ਹਾਂ ਦੀ ਰੂਫਿੰਗ ਦਾ ਕੰਮ ਵੀ ਕੀਤਾ ਜਾਂਦਾ ਹੈ

ਬੇਸਮੈਂਟ ਰੈਨੋਵੇਸ਼ਨ * ਵਾਸ਼ਰੂਮ * ਕਿਚਨ ਅਤੇ ਸਨਡੈਕ * ਪਲਬਿੰਗ / ਹੀਟਿੰਗ * ਪੇਂਟਿੰਗ*
ਹਰ ਤਰ੍ਹਾਂ ਦੀ ਬਿਜਲੀ ਦਾ ਕੰਮ।

Certified Electrician, Builder, Construction & Development



ਨਵੇਂ ਅਤੇ ਪੁਰਾਣੇ ਘਰਾਂ ਦੀ ਰੈਨੋਵੇਸ਼ਨ ਦੇ ਮਾਹਿਰ
ਦਲਜੀਤ ਸਿੰਘ ਧਾਮੀ ਜਾਂ ਇੰਦਰਜੀਤ ਸਿੰਘ ਨੂੰ
ਮੁਫਤ ਐਸਟੀਮੇਟ ਲੈਣ ਲਈ ਫੋਨ ਕਰੋ

604-716-3534 / 778-881-0236
daljitsinghdhami@gmail.com

## Up-To-Date Finishing

ਅਸੀਂ ਪੁਰਾਣੇ ਘਰਾਂ ਦੀ ਹਰ ਤਰ੍ਹਾਂ ਦੀ ਰੈਨੋਵੇਸ਼ਨ ਕਰਦੇ ਹਾਂ

We are specialized in Custom Wood Working:
Residential & Commercial Renovations

•Doors
•Mouldings
•Fire Place
•Base Board
•Hardy Plank
•Wood Floor



All kinds of exterior finishing

Sanjeev Dhir 778.320.9413
sanjeevkumarsk52@gmail.com

## BT LINE PAINTING CO.

ਟੌਪਲਾਈਨ ਪੇਂਟਿੰਗ ਅਸੀਂ ਸਨਡੈਕ ਵੀ ਬਣਾਉਂਦੇ ਹਾਂ

SPECIALIZING IN:
Spray & Roller Panting * Interior & Exterior * Pressure Washing*

ਅਸੀਂ ਰੀ-ਰੂਫੀਂਗ, ਫਰੇਮਿੰਗ ਅਤੇ ਡਰਾਈਵਾਲ ਦਾ ਕੰਮ ਵੀ ਕਰਦੇ ਹਾਂ।

ਹਰ ਕਿਸਮ ਦੀ ਰੈਨੋਵੇਸ਼ਨ, ਵਾਸ਼ਰੂਮ, ਹਾਰਡਵੁਡ ਫਲੋਰਿੰਗ, ਬੇਸਮੈਂਟ, ਟਾਈਲਾਂ ਆਦਿ
ਕਮਰਸ਼ੀਅਲ ਐਂਡ ਰੈਜ਼ੀਡੈਂਸ਼ੀਅਲ * ਕੁਆਲਟੀ ਵਰਕ * ਵਾਜਬ ਰੇਟ

For FREE estimates call Mr. Kulwant Singh Boyal
Cell: 604-340-7497 Res: 604-543-8064

## STORM ELECTRIC LTD.

Residential & Commercial
Licenced & Bonded

*All Kinds Of Electrical Service
*Best Rate
*Friendly Service
*Quality Workmanship

Mandeep Dhaliwal
(Certified Electrician)
778-994-7207
Email:stormelectricltd@gmail.com

# HOME IMPROVEMENT


## TOOR LANDSCAPING & FENCE

RESIDENTIAL & COMMERCIAL

- ਅਸੀਂ ਨਵੇਂ ਅਤੇ ਪੁਰਾਣੇਂ ਘਰਾਂ ਵਿੱਚ ਫੈਂਸ ਲਾਉਣ ਦਾ ਕੰਮ ਕਰਦੇ ਹਾਂ।
- 2X3 ਦਾ ਫਰੇਮ ਸੋਲਿਡ $210 ਦਾ ਪੈਨਲ
- ਪੁਰਾਣੀਂ ਚੁੱਕ ਕੇ ਲੈ ਜਾਂਦੇ ਹਾਂ।
- ਕੰਮ ਦੀ ਪੂਰੀ ਪੂਰੀ ਗਰੰਟੀ ਹੈ।
- ਸਾਡੇ ਰੇਟ ਬਹੁਤ ਹੀ ਵਾਜ਼ਬ ਹਨ।



ਅਸੀਂ ਸਪੈਸ਼ਲ ਰੇਟਾਂ ਤੇ ਫੈਂਸ ਲਾਉਂਦੇ ਹਾਂ

ਅਸੀਂ ਲੋਹੇ ਅਤੇ ਵਾਈਨਲ ਦੀ ਫੈਂਸ ਵੀ ਲਾਉਂਦੇ ਹਾਂ

ਹੋਰ ਜਾਣਕਾਰੀ ਲਈ ਜਗਤਾਰ ਨੂੰ ਫੋਨ ਕਰੋ

ਅਸੀਂ ਮਸ਼ਰੂਮ ਦਾ ਢੇਰ ਡਿਲੀਵਰ ਕਰਦੇ ਹਾਂ ਅਤੇ ਪਾ ਕੇ ਵੀ ਜਾਂਦੇ ਹਾਂ।

**604-729-3225**

ਅਸੀਂ ਸਨ ਡੈੱਕ ਦੇ ਸਟੈਪ ਵੀ ਬਣਾਉਂਦੇ ਹਾਂ।
ਅਸੀਂ ਕਾਂਵਾਂ ਦਾ ਪੁੱਟਿਆ ਹੋਇਆ ਘਾਹ ਵੀ ਫਿਕਸ ਕਰਦੇ ਹਾਂ

## RIGHT TOUCH PAINTING Co.

RT



Residential & Commercial

- Interior & Exterior Painting
- Roller, Brush & Spray Painting
- Stucco Painting
- Re-Painting
- Fast & Friendly Service

Special Discount on Repaint

ਸਾਨੂੰ ਕੰਮ ਵਾਸਤੇ ਤਜਰਬੇਕਾਰ ਵਰਕਰਾਂ ਦੀ ਲੋੜ ਹੈ।
ਤਨਖਾਹ ਤਜਰਬੇ ਅਨੁਸਾਰ ਵਧੀਆ ਦਿੱਤੀ ਜਾਵੇਗੀ

**Call Ratinder: 604-765-3419**

## SINGH RAJ



RENOVATION CO.

**We noticed your house needs minor repair**
Unsure ofyourhousehold fixtures?
Just to replace or repair? **Get it Done Today!**

**We guaranteed Singh Raj Renovation is the smartest choice for household small jobs**

*Residential Wooden Stairs Jobs
*Residential Doors & Lock Jobs
*Painting & Cleaning Jobs
*Wooden Cabinets Repair & Paint
*Minor Electrical Trouble Shooting & Replacement of Lights, Washroom fans, Range hoods
*Touble Shooting in Plumbing *Replacement of Tiles, Taps, Faucets.

SPECIALISTS IN
Maintain+Repair & New Installation
Reasonable Rates
20Yrs Exprienced

**Call Raj: 778-229-9261**

## Ambrosia Renovation

Your's Complete Home Renovation

* ਫਰੇਮਿੰਗ
* ਡਰਾਈਵਾਲ
* ਪੇਂਟਿੰਗ
* ਟਾਈਲਜ਼
* ਲੈਮੀਨੇਟ
* ਇਲੈਕਟ੍ਰੀਕਲ
* ਪਲਬਿੰਗ
* ਕਾਰਪੈਟ
* ਰੂਫਿੰਗ ਦਾ ਕੰਮ
* ਸਨਡੈਕ ਦੀ ਰਿਪੇਅਰ

**Sunny : 778-951-1699**

ਪੁਰਾਣੇ ਘਰਾਂ ਦੀ ਮੁਕੰਮਲ ਰੇਨੋਵੇਸ਼ਨ ਦਾ ਕੰਮ ਬਹੁਤ ਹੀ ਵਾਜਬ ਰੇਟਾਂ ਅਤੇ ਤਸੱਲੀਬਖਸ਼ ਕੀਤਾ ਜਾਂਦਾ ਹੈ। ਫਰੇਮਿੰਗ, ਡਰਾਈਵਾਲ, ਪੇਟਿੰਗ, ਟਾਇਲਜ਼, ਲੈਮੀਨੇਟ, ਇਲਕਟ੍ਰੀਕਲ ਪਲੰਬਿੰਗ ਅਤੇ ਫੈਨਸਿੰਗ ਦੇ ਕੰਮਾਂ ਵਿਚ ਮਾਹਿਰ



**Contact for Kitchen Cabinet & Counter Tops in Homes**

ਘਰ ਜਾਂ ਬੇਸਮੈਂਟ ਰਿਪੇਅਰ ਕਰਵਾਉਣ ਲਈ ਸੰਪਰਕ ਕਰੋ

**236-234-4081**

## HHR RENOVATIONS

ਪੁਰਾਣੇ ਘਰਾਂ ਅਤੇ ਕਮਰਸ਼ਿਅਲ ਬਿਲਡਿੰਗਾਂ ਦੀ ਮੁਕੰਮਲ ਰੇਨੋਵੇਸ਼ਨ ਦਾ ਕੰਮ ਬਹੁਤ ਹੀ ਵਾਜਬ ਰੇਟਾਂ ਅਤੇ ਤਸੱਲੀਬਖਸ਼ ਕੀਤਾ ਜਾਂਦਾ ਹੈ। ਫਰੇਮਿੰਗ, ਡਰਾਈਵਾਲ, ਪੇਟਿੰਗ, ਟਾਇਲਜ਼, ਲੈਮੀਨੇਟ, ਇਲਕਟ੍ਰੀਕਲ ਪਲਬਿੰਗ ਅਤੇ ਫੈਨਸਿੰਗ ਦੇ ਕੰਮਾਂ ਵਿਚ ਮਾਹਿਰ।

ਸਮੇਂ ਸਿਰ ਭਰੋਸੇਯੋਗ ਕੰਮ ਕੀਤਾ ਜਾਂਦਾ ਹੈ

Residential & Commerical

***Free Estimate***

ਬ੍ਰੈਂਡ ਨਿਊ ਬੇਸਮੈਂਟ ਅਤੇ ਪੂਰੇ ਪੁਰਾਣੇ ਘਰ ਦੀ ਰੇਨੋਵੇਸ਼ਨ ਦੇ ਮਾਹਿਰ

ਪੂਰੇ ਲੋਅਰਮੇਨ ਲੈਂਡ ਵਿਚ ਸਰਵਿਸ ਕਰਦੇ ਹਾਂ

**Paul 778-823-1056**

## KING 73 RENO LTD.

**We Do All Kind Of Renovation**

* ਫਰੇਮਿੰਗ * ਡਰਾਈਵਾਲ * ਪੇਂਟਿੰਗ * ਟਾਈਲਾਂ
* ਸਨਡੈੱਕ ਦੀ ਰਿਪੇਅਰ * ਲੈਮੀਨੇਟ * ਵਾਸ਼ਰੂਮ
* ਕਿਚਨ * ਐਕਸਟਰਾ ਰੂਮ ਐਡੀਸ਼ਨ
* ਇਲੈਕਟ੍ਰੀਕਲ * ਪਲੰਬਿੰਗ * ਰੂਫਿੰਗ ਦਾ ਕੰਮ



22 ਸਾਲ ਦਾ ਤਜਰਬਾ

**FREE ESTIMATES**

ਅਸੀਂ ਸਨਡੈੱਕ ਅਤੇ ਪੌੜੀਆਂ ਵੀ ਰਿਪੇਅਰ ਕਰਦੇ ਹਾਂ

ਵੱਡੀ ਜਾਂ ਛੋਟੀ ਜੌਬ, ਹਰ ਪ੍ਰਕਾਰ ਦੀ ਰੈਨੋਵੇਸ਼ਨ ਫਰੀ ਐਸਟੀਮੇਟ ਵਾਸਤੇ ਤਜਰਬੇਕਾਰ ਗੁਰਦੀਪ ਸਿੰਘ ਨਾਲ ਸੰਪਰਕ ਕਰੋ :

ਸਾਨੂੰ ਵਰਕਰਾਂ ਦੀ ਵੀ ਲੋੜ ਹੈ।

Gurdeep S. Gill **778.896.4555**

king73renoltd@gmail.com www.king73reno.com

ਸਤਿਗੁਰ ਕੀ ਸੇਵਾ ਸਫਲੁ ਹੈ, ਜੇ ਕੋ ਕਰੇ ਚਿਤੁ ਲਾਇ (ਗੁਰੂ ਗ੍ਰੰਥ ਸਾਹਿਬ, ਪੰਨਾ 644)

ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ

# ਗੁਰਦੁਆਰਾ ਸਾਹਿਬ ਦਸਮੇਸ਼ ਦਰਬਾਰ

## ਵਲੋਂ 19 ਅਪ੍ਰੈਲ 2025 ਦਿਨ ਸ਼ਨੀਵਾਰ ਨੂੰ ਸਰੀ ਵਿੱਚ ਉਲੀਕੀ ਜਾ ਰਹੀ

# ਸਲਾਨਾ 'ਖਾਲਸਾ ਡੇਅ ਪਰੇਡ' ਸਬੰਧੀ ਜ਼ਰੂਰੀ ਬੇਨਤੀਆਂ

**ਮੁੱਖ ਸਟੇਜ ਨਾਲ ਸਬੰਧਿਤ ਕਾਰਜਾ ਲਈ ਸੰਪਰਕ**

| | |
|---|---|
| ਪ੍ਰਧਾਨ ਗੁਰਦੀਪ ਸਿੰਘ ਸਮਰਾ | : 604-807-5020 |
| ਗਿਆਨ ਸਿੰਘ ਗਿੱਲ | : 604-518-6150 |
| ਬਲਜਿੰਦਰ ਸਿੰਘ ਖੇਹਰਾ | : 778-240-7813 |
| ਜਸਵੀਰ ਸਿੰਘ | : 778-862-4966 |

ਗੁਰੂ ਪਿਆਰੀ ਸਾਧ ਸੰਗਤ ਜੀ,

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਿਹ॥

ਹਰ ਸਾਲ ਦੀ ਤਰ੍ਹਾਂ ਵਾਹਿਗੁਰੂ ਦੀ ਅਪਾਰ ਬਖਸਿਸ ਅਤੇ ਆਪ ਸਭ ਸੰਗਤਾਂ ਦੇ ਸਹਿਯੋਗ ਨਾਲ ਖਾਲਸੇ ਦੇ ਜਨਮ ਦਿਹਾੜੇ ਸਬੰਧੀ ਸਰੀ 'ਚ ਨਿਕਲਣ ਵਾਲੇ ਨਗਰ ਕੀਰਤਨ ਦਾ ਆਯੋਜਨ 19 ਅਪ੍ਰੈਲ ਦਿਨ ਸ਼ਨਿਚਰਵਾਰ ਨੂੰ ਕੀਤਾ ਗਿਆ ਹੈ। ਇੰਨੇ ਵੱਡੇ ਕਾਰਜ ਦੀ ਸਫਲਤਾ ਲਈ ਸੰਗਤ ਦੇ ਸਹਿਯੋਗ ਦੀ ਬਹੁਤ ਲੋੜ ਹੈ, ਇਸ ਲਈ ਕੁਝ ਬੇਨਤੀਆਂ ਕੀਤੀਆਂ ਜਾ ਰਹੀਆਂ ਹਨ। ਆਸ ਹੈ ਕਿ ਇਨ੍ਹਾਂ ਬੇਨਤੀਆਂ 'ਤੇ ਅਮਲ ਕਰਕੇ ਸੇਵਾਦਾਰਾਂ ਨੂੰ ਧੰਨਵਾਦੀ ਬਣਾਓਗੇ:

1. ਨਗਰ ਕੀਰਤਨ ਮੌਕੇ ਸਕਿਓਰਟੀ, ਪ੍ਰਬੰਧ ਅਤੇ ਸਾਫ-ਸਫਾਈ ਲਈ ਵਾਲੰਟੀਅਰ ਵੀਰਾਂ-ਭੈਣਾਂ ਦੀ ਜਰੂਰਤ ਹੈ। ਅੱਜ ਹੀ ਸੇਵਾ ਲਈ ਆਪਣਾ ਨਾਮ ਲਿਖਵਾਉਣ ਵਾਸਤੇ ਗੁਰਦੁਆਰਾ ਸਾਹਿਬ ਨਾਲ 604-594-2574 'ਤੇ ਸੰਪਰਕ ਕਰੋ। ਮੁੱਖ ਸਟੇਜ ਨਾਲ ਸਬੰਧਿਤ ਕਾਰਜਾਂ ਲਈ ਜਸਵੀਰ ਸਿੰਘ ਨਾਲ 778-862-4966 'ਤੇ ਸੰਪਰਕ ਕਰੋ। ਨਗਰ ਕੀਰਤਨ ਦੇ ਰੂਟ 'ਤੇ ਲੰਗਰ ਲਗਾਉਣ ਵਾਲੇ ਸੇਵਾਦਾਰ ਸਿਹਤ ਮਹਕਿਮੇ ਨਾਲ ਸਬੰਧਿਤ ਅਰਜ਼ੀਆਂ ਗੁਰਦੁਆਰਾ ਸਾਹਿਬ ਤੋਂ ਵੀ ਪ੍ਰਾਪਤ ਕਰ ਸਕਦੇ ਹਨ।
2. ਬੇਨਤੀ ਹੈ ਕਿ ਨਗਰ ਕੀਰਤਨ 'ਚ ਸ਼ਾਮਲ ਸਭ ਸੰਗਤਾਂ ਕੇਸਰੀ ਦਸਤਾਰਾਂ, ਕੇਸਰੀ ਦੁਪੱਟੇ ਅਤੇ ਕੇਸਰੀ ਰੁਮਾਲ ਸਜਾ ਕੇ ਆਉਣ ਤਾਂ ਕਿ ਸਮੁੱਚੀ ਫਿਜ਼ਾ ਨੂੰ ਖਾਲਸਈ ਰੰਗ 'ਚ ਰੰਗਿਆ ਜਾ ਸਕੇ। ਬੇਨਤੀ ਹੈ ਕਿ ਨਗਰ ਕੀਰਤਨ ਵਿਚ ਕਿਸੇ ਵੀ ਕਿਸਮ ਦਾ ਨਸ਼ਾ ਵਰਤ ਕੇ ਸ਼ਾਮਲ ਨਾ ਹੋਇਆ ਜਾਵੇ।
3. ਆਪਣੇ ਬੱਚਿਆਂ ਅਤੇ ਵਡੇਰੀ ਉਮਰ ਦੇ ਬਜ਼ੁਰਗਾਂ ਦਾ ਵਿਸ਼ੇਸ਼ ਖਿਆਲ ਰੱਖਿਆ ਜਾਵੇ। ਨਗਰ ਕੀਰਤਨ 'ਚ ਗੁਆਚੇ ਬੱਚਿਆਂ ਨੂੰ ਨਜ਼ਦੀਕੀ ਪੁਲਿਸ ਅਫਸਰ ਦੇ ਸਪੁਰਦ ਕੀਤਾ ਜਾਵੇ।
4. ਨਗਰ ਕੀਰਤਨ 'ਚ ਸ਼ਾਮਲ ਹੋਏ ਗੈਰ ਸਿੱਖਾਂ ਦਾ ਪੂਰਾ ਸਤਿਕਾਰ ਕਰਦਿਆਂ ਜੇ ਹੋ ਸਕੇ ਤਾਂ ਉਨ੍ਹਾਂ ਨੂੰ ਨਗਰ ਕੀਰਤਨ ਅਤੇ ਖਾਲਸੇ ਦੇ ਜਨਮ ਦਿਵਸ ਸਬੰਧੀ ਜਾਣਕਾਰੀ ਦੇਣ ਦੀ ਕੋਸ਼ਿਸ਼ ਕੀਤੀ ਜਾਵੇ।
5. ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਨਗਰ ਕੀਰਤਨ ਵਾਲੇ ਦਿਨ ਪੂਰੇ ਰੂਟ ਅਤੇ ਰੂਟ ਨਾਲ ਜੁੜਦੀਆਂ ਸਾਰੀਆਂ ਸੜਕਾਂ ਅਤੇ ਗਲੀਆਂ ਦੀ ਸਫਾਈ ਦਾ ਵਿਸ਼ੇਸ਼ ਖਿਆਲ ਰੱਖਿਆ ਜਾਵੇ। ਕਿਸੇ ਦੇ ਘਰ ਅੱਗੇ ਘਾਹ ਉਤੇ ਤੁਰਨ ਜਾਂ ਬੂਟੇ ਮਿੱਧਣ ਤੋਂ ਗੁਰੇਜ਼ ਕੀਤਾ ਜਾਵੇ।
6. ਪਾਰਕਿੰਗ ਸਹੀ ਥਾਂ 'ਤੇ ਹੀ ਲਗਾਈ ਜਾਵੇ ਤਾਂ ਕਿ ਤੁਹਾਡੇ ਵਲੋਂ ਗਲਤ ਥਾਂ 'ਤੇ ਲਗਾਈ ਗੱਡੀ ਕਾਰਨ ਕਿਸੇ ਨੂੰ ਪ੍ਰੇਸ਼ਾਨੀ ਨਾ ਹੋਵੇ ਅਤੇ ਤੁਹਾਡੀ ਗੱਡੀ ਟੋਅ ਹੋਣ ਤੋਂ ਵੀ ਬਚੀ ਰਹੇ।
7. ਨਗਰ ਕੀਰਤਨ ਦੇ ਰੂਟ 'ਤੇ ਸਟੇਜਾਂ ਲਗਾਉਣ ਵਾਲੇ ਵੀਰਾਂ-ਭੈਣਾਂ ਅੱਗੇ ਬੇਨਤੀ ਹੈ ਕਿ ਸਪੀਕਰ ਦੀ ਆਵਾਜ਼ ਅਤੇ ਲੱਗਣ ਵਾਲਾ ਸੰਗੀਤ ਜ਼ਾਬਤੇ 'ਚ ਰਹਿ ਕੇ ਹੀ ਲਗਾਇਆ ਜਾਵੇ। ਫਿਲਮੀ ਜਾਂ ਲੱਚਰ ਗੀਤ ਨਾ ਲਗਾਏ ਜਾਣ। ਮੁੱਖ ਫਲੋਟ ਲੰਘਣ ਮੌਕੇ ਸਪੀਕਰ ਬੰਦ ਕਰਕੇ ਆਪ ਵੀ ਅਤੇ ਦੂਜਿਆਂ ਨੂੰ ਵੀ ਕੀਰਤਨ ਸੁਣਨ ਦਾ ਮੌਕਾ ਦਿੱਤਾ ਜਾਵੇ।
8. ਲੰਗਰ ਦੇ ਸਟਾਲ ਲਗਾਉਣ ਵਾਲੇ ਸੇਵਾਦਾਰਾਂ ਦੇ ਚਰਨਾਂ 'ਚ ਬੇਨਤੀ ਹੈ ਕਿ ਸਟਾਲ ਦੇ ਨਜ਼ਦੀਕ ਜੇਕਰ ਇੱਕ ਜਾਂ ਦੋ ਪੋਰਟੇਬਲ ਵਾਸ਼ਰੂਮ ਰਖਵਾਉਣ ਦਾ ਪ੍ਰਬੰਧ ਹੋ ਸਕੇ ਤਾਂ ਜ਼ਰੂਰ ਰਖਵਾਉਣ ਦੀ ਕ੍ਰਿਪਾਲਤਾ ਕਰਨੀ। ਨਗਰ ਕੀਰਤਨ ਲੰਘਣ ਉਪਰੰਤ ਸਾਰਾ ਗਾਰਬੇਜ ਬੈਗਾਂ 'ਚ ਪਾ ਕੇ ਮੂੰਹ ਬੰਨ੍ਹ ਕੇ ਰੱਖਿਆ ਜਾਵੇ। ਜੇ ਆਪ ਚੁੱਕਣ ਦੀ ਵਿਵਸਥਾ ਨਹੀਂ ਹੈ ਤਾਂ ਉਥੇ ਹੀ ਬੈਗ ਮੂੰਹ ਬੰਨ੍ਹ ਕੇ ਰੱਖ ਦਿੱਤੇ ਜਾਣ, ਸੇਵਾਦਾਰ ਆਪ ਚੁੱਕ ਕੇ ਲੈ ਜਾਣਗੇ। ਗਾਰਬੇਜ ਅਤੇ ਰੀ-ਸਾਇਕਲ ਹੋਣ ਵਾਲੇ ਸਮਾਨ ਨੂੰ ਅੱਡ-ਅੱਡ ਪਾਇਆ ਜਾਵੇ। ਗਾਰਬੇਜ ਚੁੱਕਣ ਵਾਲੇ ਵਾਲੰਟੀਅਰਾਂ ਨੂੰ ਪੂਰਨ ਸਹਿਯੋਗ ਦਿੱਤਾ ਜਾਵੇ। ਸਟਾਇਰੋਫੋਮ ਦੀਆਂ ਕੱਪ-ਪਲੇਟਾਂ ਨਾਲੋਂ ਕਾਗਜ਼ ਦੀਆਂ ਕੱਪ-ਪਲੇਟਾਂ ਵਰਤਣ ਨੂੰ ਤਰਜੀਹ ਦਿੱਤੀ ਜਾਵੇ, ਜੋਕਿ ਰੀ-ਸਾਇਕਲ ਕਰਨੀਆਂ ਸੌਖੀਆਂ ਹਨ। ਲੰਗਰ ਦੇ ਸਟਾਲ ਲਗਾਉਣ ਵਾਲੇ ਵੀਰ-ਭੈਣ ਵਰਤਾਉਣ ਅਤੇ ਖਾਣ ਵਾਲਿਆਂ ਦੇ ਹੱਥ ਧੋਣ ਲਈ ਸਾਫ ਪਾਣੀ ਦਾ ਪ੍ਰਬੰਧ ਜ਼ਰੂਰ ਕਰਨ। ਚੁੱਲ੍ਹੇ ਤੋਂ ਪਰੋਪੇਨ ਵਾਲਾ ਸਿਲੰਡਰ 25 ਫੁੱਟ ਦੂਰ ਹੋਣਾ ਚਾਹੀਦਾ ਹੈ। ਫਾਇਰ ਸੇਫਟੀ ਲਈ ਅੱਗ ਬੁਝਾਊ ਯੰਤਰ (ਫਾਇਰ ਐਕਸਟਿੰਗੁਸ਼ਅਰ) ਅਤੇ ਪਾਣੀ ਦੀਆਂ ਕੁਝ ਬਾਲਟੀਆਂ ਕੋਲ ਭਰ ਕੇ ਰੱਖੋ। ਫਰੇਜ਼ਰ ਹੈਲਥ ਅਥਾਰਿਟੀ ਦੇ ਅਧਿਕਾਰੀ ਤੁਹਾਡਾ ਸਟਾਲ ਆ ਕੇ ਚੈੱਕ ਕਰਨਗੇ।
9. ਪੁਲਿਸ ਵਲੋਂ ਹਦਾਇਤ ਕੀਤੀ ਗਈ ਹੈ ਕਿ ਬੱਚੇ ਆਪਣੇ ਛੋਟੇ ਮੋਟਰਸਾਇਕਲ ਜਾਂ ਜੀਪਾਂ ਆਦਿ ਨਗਰ ਕੀਰਤਨ ਵਿੱਚ ਨਾ ਲੈ ਕੇ ਆਉਣ। ਬੇਹੱਦ ਆਵਾਜ਼ ਅਤੇ ਧੂੰਆਂ ਛੱਡਣ ਵਾਲੇ ਮੋਟਰਸਾਇਕਲਾਂ ਦੇ ਲੱਗਣ 'ਤੇ ਪਾਬੰਦੀ ਹੋਵੇਗੀ। ਮੋਟਰਸਾਇਕਲ ਸਵਾਰ ਤੋਂ ਬਗੈਰ ਹੋਰ ਕੋਈ ਮੋਟਰਸਾਇਕਲ 'ਤੇ ਨਹੀਂ ਚੜ੍ਹ ਸਕੇਗਾ।
10. ਨਗਰ ਕੀਰਤਨ ਦੌਰਾਨ ਗੁਬਾਰੇ ਛੱਡਣ ਵਾਲੀਆਂ ਕੰਪਨੀਆਂ ਦੇ ਧਿਆਨ ਹਿਤ ਬੇਨਤੀ ਹੈ ਕਿ ਹਵਾ 'ਚ ਗੈਸ ਵਾਲੇ ਗੁਬਾਰੇ ਨਾ ਛੱਡੇ ਜਾਣ, ਅਕਸਰ ਹੀ ਇਹ ਬਿਜਲੀ ਦੀਆਂ ਵੱਡੀਆਂ ਲਾਇਨਾਂ 'ਚ ਫਸ ਜਾਂਦੇ ਹਨ, ਜਿਸ ਨਾਲ ਬੀ.ਸੀ. ਹਾਈਡਰੋ ਦੇ ਕੰਮ 'ਚ ਕਾਫੀ ਵਿਘਨ ਪੈਂਦਾ ਹੈ। ਇਹ ਗੁਬਾਰੇ ਹਵਾਈ ਜਹਾਜ਼ ਦੇ ਰੇਡਾਰ ਸਿਸਟਮ 'ਚ ਵੀ ਵਿਘਨ ਪਾਉਂਦੇ ਹਨ।

**ਟੈਂਟ ਅਤੇ ਲੰਗਰ ਲਗਾਉਣ ਲਈ ਸੰਪਰਕ ਕਰੋ**

**ਜਸਰਾਜ ਸਿੰਘ ਸਮਰਾ:778-321-8021, ਤੀਰਥ ਸਿੰਘ:604-721-4325**

# ਜਾਅਲੀ ਡਾਕਟਰ ਭਾਜਪਾ ਸੈੱਲ ਦਾ ਅਹੁਦੇਦਾਰ ਰਿਹਾ

ਜਬਲਪੁਰ:ਪੁਲਸ ਨੇ ਇੱਕ ਕਥਿਤ ਜਾਲ੍ਹੀ ਡਾਕਟਰ, ਜੋ ਕਿ ਭਾਜਪਾ ਜਬਲਪੁਰ ਮੈਡੀਕਲ ਸੈੱਲ ਦੇ ਸਹਿ-ਕਨਵੀਨਰ ਵਜੋਂ ਵੀ ਸੇਵਾ ਨਿਭਾਅ ਚੁੱਕਾ ਹੈ, ਬਾਰੇ ਸ਼ਿਕਾਇਤ ਤੋਂ ਬਾਅਦ ਧੋਖਾਧੜੀ ਦਾ ਮਾਮਲਾ ਦਰਜ ਕੀਤਾ ਹੈ। ਸ਼ਿਕਾਇਤ ਵਿੱਚ ਕਿਹਾ ਗਿਆ ਹੈ ਕਿ ਉਸ ਨੇ ਇੱਥੇ ਇਕ ਸਰਕਾਰੀ ਹਸਪਤਾਲ ‘ਚ ਜਾਲ੍ਹੀ ਡਿਗਰੀ ‘ਤੇ ਕੰਮ ਕੀਤਾ ਸੀ। ਸ਼ੁਭਮ ਅਵਸਥੀ ਦੇ ਵਿਰੁੱਧ ਪੁਲਸ ਨੇ ਐੱਫ ਆਈ ਆਰ 5 ਅਪ੍ਰੈਲ ਨੂੰ ਅਦਾਲਤ ਦੇ ਹੁਕਮਾਂ ਤੋਂ ਬਾਅਦ ਦਰਜ ਕੀਤੀ

ਸਿਵਲ ਲਾਈਨਜ਼ ਪੁਲਸ ਸਟੇਸ਼ਨ ਦੇ ਇੰਸਪੈਕਟਰ ਨਹਿਰੂ ਸਿੰਘ ਖੰਡਾਤੇ ਨੇ ਦੱਸਿਆ ਕਿ ਸ਼ੁਭਮ ਅਵਸਥੀ ‘ਤੇ ਜਾਲ੍ਹੀ ਆਯੂਸ਼ ਡਿਗਰੀ ਦੀ ਵਰਤੋਂ ਕਰਨ ਅਤੇ ਸਰਕਾਰੀ ਸੇਠ ਗੋਵਿੰਦ ਦਾਸ ਜ਼ਿਲ੍ਹਾ ਹਸਪਤਾਲ ਜਬਲਪੁਰ (ਪਹਿਲਾਂ ਵਿਕਟੋਰੀਆ ਹਸਪਤਾਲ ਵਜੋਂ ਜਾਣਿਆ ਜਾਂਦਾ ਸੀ) ਵਿੱਚ ਕੰਮ ਕਰਨ ਦਾ ਦੋਸ਼ ਹੈ। ਭਾਜਪਾ ਦੇ ਜਬਲਪੁਰ ਸ਼ਹਿਰ ਦੇ ਮੁਖੀ ਰਤਨੇਸ਼ ਸੋਨਕਰ ਨੇ ਕਿਹਾ ਕਿ ਮਾਮਲੇ ਦੀ ਅਧਿਕਾਰਤ ਪੁਸ਼ਟੀ ਮਿਲਣ ਤੋਂ ਬਾਅਦ ਪਾਰਟੀ ਦਿਸ਼ਾ-ਨਿਰਦੇਸ਼ਾਂ ਅਨੁਸਾਰ ਅਵਸਥੀ ਵਿਰੁੱਧ ਕਾਰਵਾਈ ਕੀਤੀ ਜਾਵੇਗੀ।


SUPER SANDHU

ਸਾਨੂੰ ਕੈਨਰੀ, ਨਰਸਰੀ ਅਤੇ ਗਰੀਨ ਹਾਊਸ ਵਿਚ ਕੰਮ ਕਰਨ ਲਈ ਵਰਕਰਾਂ ਦੀ ਲੋੜ ਹੈ।



ਸਾਡੇ ਨਾਲ ਅੱਜ ਹੀ ਸੰਪਰਕ ਕਰੋ

Gary Varing: 604-807-3910 | Charlie Sandhu: 604-864-7711

ਪੰਜਾਬੀ, ਹਿੰਦੀ ਵਿੱਚ ਵੀ ਗੱਲ ਕਰਦੇ ਹਾਂ

Rx FAMILY CARE PHARMACY

- FREE blister/bubble packing for better compliance
- FREE delivery
- OPEN 7 days a week *including* **Holidays**
- FULL line of home health care/ostomy/wound care
- FULL line of vitamins, supplements, herbs & homeopathy

* ਫਰੀ ਬਲਿਸਟਰ / ਬੱਬਲ ਪੈਕਿੰਗ, ਇੱਛਾ ਮੁਤਾਬਿਕ * ਮੁਫਤ ਡਲਿਵਰੀ
* ਹਫਤੇ ਦੇ ਸੱਤੇ ਦਿਨ ਤੇ ਛੁੱਟੀ ਦੇ ਦਿਨ ਵੀ ਖੁੱਲੇ ਰਹਿੰਦੇ ਹਾਂ
* ਹਰ ਤਰਾਂ ਦੀਆਂ ਸਿਹਤ ਸੇਵਾਵਾਂ ਸਬੰਧੀ ਸਭ ਦੁਆਈਆਂ, ਅਸਟੋਮੀ, ਜਖਮ ਕੇਅਰ
* ਹਰ ਤਰਾਂ ਦੇ ਵਿਟਾਮਿਨ, ਸਪਲੀਮੈਂਟ, ਹਰਬਲ **WE DO TRAVEL SHOTS**
* ਹੋਮਿਓਪੈਥਿਕ ਦਵਾਈਆਂ ਲਈ ਬੀ ਸੀ ਦੀ ਨੰਬਰ 1 ਫਾਰਮੇਸੀ

FREE CONSULTATIONS

Open Hours
Sun:10:00 AM - 4:00 PM
Mon to Thurs:7:00 AM - 8:00 PM
Fri: 7AM - 8 PM Sat:9 AM - 6PM

- ਫਲੂ ਦੇ ਟੀਕੇ ਲਗਾਏ ਜਾਂਦੇ ਹਨ।
- ਸ਼ੂਗਰ ਟੈਸਟ ਕੀਤਾ ਜਾਂਦਾ ਹੈ
- ਟਰੈਵਲ ਕਰਨ ਲਈ ਜਾ ਇੰਡੀਆ ਜਾਣ ਲਈ ਕਿਹੜੇ ਕਿਹੜੇ ਸ਼ਾਟਸ/ਟੀਕੇ ਲਗਵਾਉਣੇ ਚਾਹੀਦੇ ਹਨ, ਉਸਦੀ ਸਲਾਹ ਵੀ ਦਿੰਦੇ ਹਾਂ।

| SURREY | DELTA | WHITE ROCK |
|---|---|---|
| 12815 96 Ave, Surrey | 8925-120 Street, Delta | 1539 Johnston Road |
| Ph:604-581-1900 | Ph:604-599-4318 | Ph:604-536-1300 |

ਕੇਟਰਿੰਗ ਦੀ ਦੁਨੀਆ ਵਿਚ ਮੰਨਿਆ ਪ੍ਰਮੰਨਿਆ ਨਾਮ

ਸ਼ਾਹੀ ਕੇਟਰਿੰਗ ਸਵੀਟਸ & ਬੈਂਕੁਇਟ ਹਾਲ

ਹਰ ਪ੍ਰਕਾਰ ਦੀ ਤਾਜਾ ਸਵਾਦਲੀ ਮਠਿਆਈ ਵਧੀਆ ਰੇਟ ਤੇ ਖਰੀਦੋ

ਅਸੀਂ ਈਟਾਲੀਅਨ, ਗਰੀਕ ਅਤੇ ਜਰਮਨ ਡਿਸ਼ਿਜ ਵੀ ਤਿਆਰ ਕਰਦੇ ਹਾਂ



ਬੈਂਕੁਇਟ ਹਾਲ 150 ਸੀਟਾਂ ਵਾਲਾ

ਘਰ ਆ ਕੇ ਤੰਦੂਰ ਲਾ ਕੇ ਬਾਰਬੀਕਿਊ ਅਤੇ ਕੇਟਰਿੰਗ ਵੀ ਕਰਦੇ ਹਾਂ




50 ਤੋਂ ਲੈ ਕੇ 1000 ਬੰਦਿਆਂ ਤੱਕ ਦੀ ਪਾਰਟੀ ਦੀ ਕੇਟਰਿੰਗ ਕਰਦੇ ਹਾਂ

ਗੁਰਦੁਆਰਾ ਸਾਹਿਬ ਲਈ ਸਪੈਸ਼ਲ ਰੇਟ



ਕੁਲਵਿੰਦਰ ਸਿੰਘ ਪੂਨੀ

12815, 85 Ave Surrey BC. | www.shahicaterers.ca | Email: kspooni95@hotmail.de

778-928-4522, 778-565-4141, 778-565-3232

# ਸਾਡੇ ਗੁਰੂਆਂ ਨੇ ਸਾਨੂੰ ਨਫਰਤ ਅਤੇ ਹਿੰਸਾ ਨਹੀਂ, 'ਸਰਬੱਤ ਦਾ ਭਲਾ' ਦਾ ਪਾਠ ਪੜਾਇਆ ਹੈ:ਗਿਆਸਪੁਰਾ



ਚੰਡੀਗੜ੍ਹ:ਗੁਰਪਤਵੰਤ ਸਿੰਘ ਪੰਨੂ ਵੱਲੋਂ ਡਾ. ਭੀਮ ਰਾਓ ਅੰਬੇਡਕਰ ਬਾਰੇ ਕੀਤੀ ਗਈ ਅਪਮਾਨਜਨਕ ਟਿੱਪਣੀ 'ਤੇ ਆਮ ਆਦਮੀ ਪਾਰਟੀ (ਆਪ) ਦੇ ਵਿਧਾਇਕ ਮਨਵਿੰਦਰ ਸਿੰਘ ਗਿਆਸਪੁਰਾ ਨੇ ਕਿਹਾ ਕਿ ਨਫ਼ਰਤ ਦੀ ਗੱਲ ਕਰਨ ਵਾਲਾ ਵਿਅਕਤੀ ਸਿੱਖ ਨਹੀਂ ਹੋ ਸਕਦਾ।ਗਿਆਸਪੁਰਾ ਨੇ ਕਿਹਾ ਕਿ ਸਾਡੇ ਗੁਰੂਆਂ ਨੇ ਸਾਨੂੰ ਨਫਰਤ ਤੇ ਹਿੰਸਾ ਦੀ ਗੱਲ ਕਰਨੀ ਨਹੀਂ ਸਿਖਾਈ। ਉਨ੍ਹਾਂ ਨੇ ਸਾਨੂੰ 'ਸਰਬੱਤ ਦਾ ਭਲਾ' ਦਾ ਪਾਠ ਪੜ੍ਹਾਇਆ ਹੈ। ਇਸ ਵਿਅਕਤੀ ਨੂੰ ਸਿੱਖ ਸਿਧਾਂਤਾਂ ਬਾਰੇ ਕੁਝ ਨਹੀਂ ਪਤਾ। ਉਹ ਅਕਲ ਤੋਂ ਅੰਨ੍ਹਾ ਆਦਮੀ ਹੈ। ਗੁਰਪਤਵੰਤ ਪੰਨੂ ਸਾਡੇ ਗੁਰੂ ਸਾਹਿਬਾਨ ਦੁਆਰਾ ਸਾਨੂੰ ਦਿੱਤੀਆਂ ਗਈਆਂ ਸਿੱਖਿਆਵਾਂ ਦੇ ਇੱਕ ਨੁਕਤੇ 'ਤੇ ਵੀ ਖਰਾ ਨਹੀਂ ਉੱਤਰਦਾ।ਉਨ੍ਹਾਂ ਕਿਹਾ ਕਿ ਬਾਬਾ ਸਾਹਿਬ ਅੰਬੇਡਕਰ ਨੇ ਆਪਣੇ ਕ੍ਰਾਂਤੀਕਾਰੀ ਵਿਚਾਰਾਂ ਨਾਲ ਨਾ ਸਿਰਫ਼ ਦਲਿਤਾਂ ਨੂੰ ਸਗੋਂ ਔਰਤਾਂ ਸਮੇਤ ਸਾਰੇ ਲੋਕਾਂ ਨੂੰ ਮਹੱਤਵਪੂਰਨ ਸੰਵਿਧਾਨਕ ਅਧਿਕਾਰ ਦਿੱਤੇ। ਪਰ ਗੁਰਪਤਵੰਤ ਪੰਨੂ ਵਰਗੇ ਲੋਕ ਧਰਮ ਅਤੇ ਜਾਤ ਦੇ ਨਾਂ 'ਤੇ ਆਮ ਲੋਕਾਂ ਨੂੰ ਆਪਸ ਵਿੱਚ ਲੜਾਉਣਾ ਚਾਹੁੰਦੇ ਹਨ। ਪੰਜਾਬ ਅਜਿਹੇ ਲੋਕਾਂ ਨੂੰ ਕਦੇ ਵੀ ਸਵੀਕਾਰ ਨਹੀਂ ਕਰੇਗਾ।ਆਪ ਆਗੂ ਨੇ ਕਿਹਾ ਕਿ 14 ਤਰੀਕ ਨੂੰ ਬਾਬਾ ਸਾਹਿਬ ਦੇ ਜਨਮ ਦਿਨ ਮੌਕੇ ਸੂਬੇ ਭਰ ਵਿੱਚ ਉਨ੍ਹਾਂ ਦੇ ਬੁੱਤਾਂ ਦੀ ਰਾਖੀ ਲਾਠੀਆਂ ਅਤੇ ਝੰਡਿਆਂ ਨਾਲ ਕਰਾਂਗੇ ਅਤੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕਰਾਂਗੇ। ਅਸੀਂ ਅਜਿਹੀ ਧਮਕੀਆਂ ਤੋਂ ਡਰਨ ਵਾਲੇ ਨਹੀਂ।

# ਭਾਰਤ ਦੇ ਲੋਕਤੰਤਰ 'ਤੇ ਕਰੋੜਪਤੀਆਂ ਦਾ ਕਬਜ਼ਾ

ਦਿੱਲੀ:-2004 ਤੋਂ 2024 ਤੱਕ ਕਰੋੜਪਤੀ ਮੈਂਬਰਾਂ ਦੀ ਗਿਣਤੀ ਤੇਜ਼ੀ ਨਾਲ ਵਧੀ ਪਾਰਟੀਆਂ ਸਿਰਫ ਦੌਲਤਮੰਦਾਂ ਨੂੰ ਹੀ ਟਿਕਟਾਂ ਦਿੰਦੀਆਂ ਨੇ ਭਾਰਤ ਦੇ ਲੋਕਤੰਤਰ 'ਤੇ ਕਰੋੜਪਤੀਆਂ ਨੇ ਕਬਜ਼ਾ ਕਰ ਲਿਆ ਹੈ। ਐਸੋਸੀਏਸ਼ਨ ਫਾਰ ਡੈਮੋਕਰੇਟਿਕ ਰਿਫਾਰਮਜ਼ (ਏ ਡੀ ਆਰ) ਵੱਲੋਂ ਇਕੱਠੇ ਕੀਤੇ ਗਏ ਅੰਕੜਿਆਂ ਮੁਤਾਬਕ 2024 ਵਿੱਚ ਬਣੀ 543 ਮੈਂਬਰੀ ਲੋਕ ਸਭਾ 'ਚ ਕਰੋੜਪਤੀ ਮੈਂਬਰਾਂ ਦੀ ਗਿਣਤੀ 504 ਹੈ, ਜੋ ਕਿ ਕਰੀਬ 93 ਫੀਸਦੀ ਬਣਦੀ ਹੈ। ਏ ਡੀ ਆਰ ਮੁਤਾਬਕ 2002 ਵਿੱਚ ਕਰੋੜਪਤੀ ਮੈਂਬਰਾਂ ਦੀ ਗਿਣਤੀ 153 ਸੀ, 2009 ਵਿੱਚ 300 ਪਾਰ ਕਰ ਗਈ ਤੇ 2014 ਵਿੱਚ 443 ਹੋ ਗਈ। 2019 ਵਿੱਚ ਇਹ ਗਿਣਤੀ ਵਧ ਕੇ 479 ਹੋ ਗਈ ਸੀ ਤੇ ਹੁਣ 504 ਹੋ ਗਈ ਹੈ, ਯਾਨੀ ਕਿ 92.08 ਫੀਸਦੀ ਮੈਂਬਰ ਕਰੋੜਪਤੀ ਹਨ।ਜਦੋਂ ਤੋਂ ਲੋਕ ਸਭਾ ਮੈਂਬਰਾਂ ਲਈ ਆਪਣੀ ਸੰਪਤੀ ਦੇ ਵੇਰਵੇ ਦੱਸਣੇ ਲਾਜ਼ਮੀ ਕੀਤੇ ਗਏ ਹਨ, ਉਦੋਂ ਤੋਂ ਕਰੋੜਪਤੀ ਮੈਂਬਰਾਂ ਦੀ ਗਿਣਤੀ ਲਗਾਤਾਰ ਵਧਦੀ ਜਾ ਰਹੀ ਹੈ। ਮੈਂਬਰਾਂ ਨੂੰ ਆਪਣੀ ਸੰਪਤੀ ਦਾ ਬਾਜ਼ਾਰੀ ਭਾਅ ਦੱਸਣਾ ਪੈਂਦਾ ਹੈ। 2004 ਤੋਂ 2024 ਤੱਕ ਕਰੋੜਪਤੀ ਮੈਂਬਰਾਂ ਦੀ ਗਿਣਤੀ ਤੇਜ਼ੀ ਨਾਲ ਵਧੀ ਹੈ।

ਇਸ ਵਾਧੇ ਤੋਂ ਇਹੀ ਨਤੀਜਾ ਕੱਢਿਆ ਜਾ ਸਕਦਾ ਹੈ ਕਿ ਹੁਣ ਪਾਰਟੀਆਂ ਸਿਰਫ ਦੌਲਤਮੰਦਾਂ ਨੂੰ ਹੀ ਟਿਕਟਾਂ ਦਿੰਦੀਆਂ ਹਨ। ਜਿਹੜਾ ਕਰੋੜਪਤੀ ਨਹੀਂ, ਉਹ ਚੋਣ ਮੈਦਾਨ ਵਿੱਚ ਉਤਰਨ ਦਾ ਹੌਸਲਾ ਨਹੀਂ ਕਰੇਗਾ। ਇਸ ਤਰ੍ਹਾਂ ਅਜਿਹੇ ਮੈਂਬਰ ਆਪਣੇ ਕਾਰਜਕਾਲ ਦੌਰਾਨ ਲੋਕਾਂ ਦੀਆਂ ਸਮੱਸਿਆਵਾਂ ਪ੍ਰਤੀ ਧਿਆਨ ਦੇਣ ਦੀ ਥਾਂ ਖ਼ੁਦ ਦੀ ਆਰਥਕ ਸਥਿਤੀ ਨੂੰ ਮਜ਼ਬੂਤ ਕਰਨ ਵਿੱਚ ਬਹੁਤਾ ਸਮਾਂ ਬਿਤਾਉਂਦੇ ਹਨ।ਪੈਸੇ ਵਾਲਿਆਂ ਦੇ ਹੀ ਲੋਕ ਸਭਾ ਤੇ ਵਿਧਾਨ ਸਭਾਵਾਂ ਦੇ ਮੈਂਬਰ ਬਣਨ ਦਾ ਹੀ ਨਤੀਜਾ ਹੈ ਕਿ ਸਦਨਾਂ ਵਿੱਚ ਨਿੱਜੀਕਰਨ ਦੀਆਂ ਨੀਤੀਆਂ ਧੜਾਧੜ ਪਾਸ ਹੋ ਰਹੀਆਂ ਹਨ। ਮਨਰੇਗਾ ਵਰਗੇ ਜਿਹੜੇ ਪ੍ਰੋਗਰਾਮ ਗਰੀਬਾਂ ਦਾ ਕੁਝ ਢਿੱਡ ਭਰਦੇ ਹਨ, ਉਨ੍ਹਾਂ ਦੇ ਫੰਡਾਂ ਵਿੱਚ ਕਟੌਤੀਆਂ ਕੀਤੀਆਂ ਜਾ ਰਹੀਆਂ ਹਨ। ਸਰਕਾਰੀ ਸਿੱਖਿਆ ਲਈ ਘੱਟ ਫੰਡ ਰੱਖੇ ਜਾ ਰਹੇ ਹਨ, ਤਾਂ ਕਿ ਗਰੀਬਾਂ ਦੇ ਬੱਚੇ ਮਜ਼ਦੂਰੀ ਕਰਨ ਜੋਗੇ ਹੀ ਰਹਿਣ

ਭਾਰਤ ਦੇ ਲੋਕਾਂ ਨੂੰ ਸੋਚਣਾ ਪੈਣਾ ਹੈ ਕਿ ਚੋਣਾਂ ਵਿੱਚ ਤਰ੍ਹਾਂ-ਤਰ੍ਹਾਂ ਦੇ ਲਾਲਚ ਦੇ ਕੇ ਸਾਂਸਦ ਤੇ ਵਿਧਾਇਕ ਬਣਨ ਵਾਲੇ ਉਨ੍ਹਾਂ ਦੇ ਖੈਰ-ਖਵਾਹ ਨਹੀਂ। ਅਜਿਹੇ ਲੋਕਾਂ ਦਾ ਮਕਸਦ ਸਿਰਫ ਆਪਣੀ ਦੌਲਤ ਵਧਾਉਣਾ ਹੀ ਹੈ। ਵੋਟਰਾਂ ਨੇ ਸਮਝਦਾਰੀ ਨਾ ਦਿਖਾਈ ਤਾਂ ਸੰਸਦ ਤੇ ਵਿਧਾਨ ਸਭਾਵਾਂ ਵਿੱਚ ਉਨ੍ਹਾਂ ਦੇ ਹੱਕ ਵਿੱਚ ਬੋਲਣ ਵਾਲਾ ਕੋਈ ਨਹੀਂ ਰਹਿਣਾ ਅਤੇ ਮੁਫਤ ਦੀਆਂ ਸਕੀਮਾਂ ਵੀ ਜਾਂਦੀਆਂ ਲੱਗਣੀਆਂ ਹਨ।











ਸੋਫਾ ਫੈਕਟਰੀ
LOWEST PRICES IN TOWN
ਸਟੋਰ ਤੇ ਆ ਕੇ ਵੇਖੋ
Biggest Sale of the Year
ਇੱਥੇ ਹਰ ਤਰਾਂ ਦੇ ਟਰੱਕਾਂ ਦੇ ਮੇਟਰੈਸ ਅਤੇ ਫੋਮ ਦੇ ਗੱਦੇ ਮਿਲਦੇ ਹਨ।
Special Sale 3 PCS Set $1150
2 PCS SOFA & LOVE SEAT $1550
2 PCS SOFA & LOVE SEAT $1550
ਤੁਹਾਡੇ ਘਰ ਆ ਕੇ ਮਿਣਤੀ ਕਰ ਕੇ ਕਸਟਮ ਸੈਕਸ਼ਨਲ ਬਣਾਉਂਦੇ ਹਾਂ। ਤੁਸੀਂ ਆਪਣੀ ਮਰਜ਼ੀ ਦਾ ਕੱਪੜਾ ਤੇ ਰੰਗ ਸਿਲੈਕਟ ਕਰ ਸਕਦੇ ਹੋ
ਕੈਨੇਡਾ ਦੇ ਬਣੇ ਹੋਏ ਬਾਕਸ ਬੈੱਡ ਅਤੇ ਫੋਮ ਦੇ ਮੈਟਰਸ ਕਿਸੇ ਵੀ ਸਾਇਜ ਵਿਚ ਮਿਲਦੇ ਹਨ
B&B FURNITURE
12732-80TH AVE. SURREY
604.594.6533
ਪੰਜਾਬ ਕਲਾਥ ਦੇ ਬਿਲਕੁਲ ਸਾਹਮਣੇ


+91 77175-02848
+91 98146-12006
+91 99882-68982
GE
+1 778-899-1576
+1 778-207-8100
EAGLE EYE
PICK & DROP TAXI SERVICE
CAR RENTALS & TAXI SERVICE
24 HOURS DELHI AIRPORT SERVICE
ONE WAY TAXI
SELF DRIVE
TOUR PACKAGES
Long Route Tour Packages Available With Urbania 17 Seater
SURREY: #256 12899-76Ave
KHANNA: Near Shri Saraswati Sanskrit College Samadhi Rd
ਦਿੱਲੀ, ਚੰਡੀਗੜ੍ਹ, ਅੰਮ੍ਰਿਤਸਰ ਏਅਰਪੋਰਟ ਤੋਂ ਸਾਰੇ ਪੰਜਾਬ ਵਿਚ ਸਰਵਿਸ ਦਿੰਦੇ ਹਾਂ
ਫਗਵਾੜਾ
ਜਲੰਧਰ
ਨਕੋਦਰ
ਮੋਗਾ
ਅੰਮ੍ਰਿਤਸਰ
ਨਵਾਂ ਸ਼ਹਿਰ
ਲੁਧਿਆਣਾ
ਚੰਡੀਗੜ੍ਹ
ਫਿਲੌਰ
BOOK NOW!
24/7 CUSTOMER SUPPORT
*ਦਿੱਲੀ ਤੋਂ ਪੰਜਾਬ ਵਨ ਵੇਅ ਸਰਵਿਸ
*ਟਰੈਕਿੰਗ ਸਿਸਟਮ
*24 ਘੰਟੇ ਸਰਵਿਸ
WE OFFER VARIETY OF CARS
OPTION FOR YOUR COMFORT
*ਵੱਡੇ ਪਰਿਵਾਰ ਜਾਂ ਛੋਟੇ ਪਰਿਵਾਰ ਲਈ ਗੱਡੀ
*ਡਰਾਈਵਰ ਜਾਂ ਬਿਨਾ ਡਰਾਈਵਰ ਤੋਂ ਗੱਡੀ ਲੈ ਸਕਦੇ ਹੋ
BOOK CAR RENTALS
UPDOWN 160 DOLLAR TILL LUDHIANA
UPDOWN 200 DOLLAR TILL JALANDHAR
UPDOWN 300 DOLLAR TILL AMRITSAR
TAXI
ONE WAY TAXI SERVICES
FROM DELHI AIRPORT
JALANDHAR
LUDHIANA
HOSHIARPUR
CHANDIGARH
AMRITSAR
MOGA
BEST RATES